# ਸੂਰਾ

ਮਾਸਕ ਪੱਤਰ

ਅੰਮ੍ਰਿਤਸਰ AMRITSAR

ਸੁਣੀ ਪੁਕਾਰਿ ਦਾਤਾਰ ਪ੍ਰਭੁ

ਗੁਰੂ ਨਾਨਕ ਜਗ ਮਾਹਿ ਪਠਾਇਆ

NOV 1985

ਨਵੰਬਰ ੧੯੮੫

## ਸਭ ਤੇ ਵਡਾ

ੴ

## ਸਤਿਗੁਰੂ ਨਾਨਕ

## ਜਿਨਿ ਕਲ ਰਾਖੀ ਮੇਰੀ

ਅਖੰਡ ਕੀਰਤਨੀ ਜਥਿਆਂ ਵਲੋਂ ਗੁਰੂ ਨਾਨਕ ਨਿਰੰਕਾਰੀ ਦਾ ਪ੍ਰਕਾਸ਼ ਉਤਸਵ ਗੁਰਪੁਰਬ ਬੰਡਾ( ਸ਼ਾਹਜਰਾਨਪੁਰ-ਯੂ. ਪੀ. )ਵਿਖੇ ੨੫ ਤੋਂ ੨੯ ਨਵੰਬਰ ਸਵੇਰ ਤਕ ਮਨਾਇਆ ਜਾ ਰਿਹਾ ਹੈ।

www.AKJ.Org

ਡੀ. ਪੀ. ਆਈ. ਪੰਜਾਬ ਵਲੋਂ ਚਿਠੀ ਨੰ: ੧/੭੦-੯੮-੨੧ ਮਿਤੀ ੧੭-੧੦-੬੪ ਅ. ਪ. ਅਨੁਸਾਰ
'ਸੂਰਾ' ਮਾਸਕ ਪੱਤਰ ਕਾਲਜਾਂ, ਸਕੂਲਾਂ ਅਤੇ ਸਮਾਜਿਕ ਸਿਖਿਆ ਕੇਂਦਰਾਂ ਦੀਆਂ ਲਾਇਬਰੇਰੀਆਂ ਲਈ ਪਰਵਾਨ ਹੈ।

# ਤ ਤ ਕ ਰਾ


| | | |
|---|---|---|
| ਥੰਮੈ ਕੋਇ ਨ ਸਾਧ ਬਿਨੁ | ੩ | ਭਾਈ ਸਾਹਿਬ ਗੁਰਦਾਸ ਜੀ |
| ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ | ੪ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ | ੬ | ,, ,, ,, |
| ਬਾਬਾ ਨਾਨਕ ਤੇ ਪਾਪ ਦੀ ਜੰਞ ਨੂੰ ਵੰਗਾਰ | ੮ | ਡਾਕਟਰ ਤਾਰਨ ਸਿੰਘ ਜੀ |
| ਸਤਿਗੁਰੁ ਦਾਤਾ ਜੀਅ ਕਾ | ੧੪ | ਪ੍ਰੋਫੈਸਰ ਗੁਰਮੁਖ ਸਿੰਘ ਜੀ |
| ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ (ਕਵਿਤਾ) | ੧੯ | ਭਾ: ਸਾ: ਭਾਈ ਰਣਧੀਰ ਸਿੰਘ ਜੀ |
| ਗੁਰੂ ਨਾਨਕ-ਉਪਕਾਰ (ਕਵਿਤਾ) | ੨੧ | ਗਿ: ਗੋਪਾਲ ਸਿੰਘ ਜੀ 'ਮਿਤਰ' |
| ਜ਼ਿੰਦਾ ਕੌਮਾਂ ਦੇ ਸੰਘਰਸ਼ | ੨੨ | ਸ: ਪ੍ਰਿਥੀਪਾਲ ਸਿੰਘ ਜੀ ਕਪੂਰ |
| ਸੁਨਹੁ ਰੇ ਤੂ ਕਉਨੁ ? | ੨੩ | ਮਾਸਟਰ ਤਾਰਾ ਸਿੰਘ ਜੀ |
| ਤੁਮ ਘਰਿ ਆਵਹੁ ਮੇਰੇ ਮੀਤ | ੨੪ | ਸ: ਸੰਤਾ ਸਿੰਘ ਜੀ ਆਜਿਜ਼ |
| ਅੱਖੀਂ ਡਿਠੀ ਫੌਜੀ ਸਾਕਾ | ੨੭ | ਗਿਆਨੀ ਪ੍ਰੀਤਮ ਸਿੰਘ ਜੀ |
| ਮੱਸੇ ਰੰਘੜ ਨੂੰ ਕਰਨੀ ਦਾ ਫਲ (੫) | ੩੪ | ਕੈਪਟਿਨ ਸਵਰਨ ਸਿੰਘ ਜੀ |
| ਨਵੰਬਰ ੧੯੮੪ ਦਾ ਦਰਦਨਾਕ ਸਾਕਾ (ਕਵਿਤਾ) | ੪੧ | ਗਿਆਨੀ ਉਤਮ ਸਿੰਘ ਜੀ ਪਾਤਰ |


ਸ੍ਰੀ ਗੁਰੂ ਹਰਿ ਕ੍ਰਿਸ਼ਨ ਸਾਹਿਬ ਗੁਰਿਆਈ ੭ ਨਵੰਬਰ — ਸ੍ਰੀ ਗੁਰੂ ਹਰਿ ਰਾਇ ਸਾਹਿਬ ਜੋਤੀ ਜੋਤਿ ੭ ਨਵੰਬਰ
ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨੰਦੇੜ ੧੫ ਨਵੰਬਰ — ਸ੍ਰੀ ਗੁਰੂ ਗੋਬਿੰਦ ਸਿੰਘ ਜੀ ਜੋਤੀ ਜੋਤਿ ੧੯ ਨਵੰਬਰ
ਸ੍ਰੀ ਗੁਰੂ ਨਾਨਕ ਦੇਵ ਜੀ ਅਵਤਾਰ ਧਾਰਿਆ ੨੭ ਨਵੰਬਰ

# 'ਸੂਰਾ' ਮਾਸਕ ਪੱਤਰ ਨੂੰ ਪੁਜੀ ਸਹਾਇਤਾ

| | | |
|---|---|---|
| ਸ: ਜਾਗੀਰ ਸਿੰਘ ਗ੍ਰੰਥੀ ਜਮਸ਼ੇਦਪੁਰ | ਸਿੰਘਣੀ ਦੀ ਯਾਦ ਵਿਚ | ੨੧-੦੦ |
| ਭਾ: ਨਰਿੰਦਰ ਸਿੰਘ ਪ੍ਰੇਮੀ ਅੰਮ੍ਰਿਤਸਰ | ਚੜ੍ਹਾਵਾ ਸਮਾਗਮ | ੫੩-੦੦ |
| ਸ: ਬਲਵਿੰਦਰ ਸਿੰਘ ਦੋਰਾਹਾ ਮੰਡੀ | ਸਿੰਘਣੀ ਦੀ ਅੱਖਾਂ ਦੀ ਜੋਤ ਦੀ ਵਾਪਸੀ ਦੀ ਖੁਸ਼ੀ ਵਿਚ | ੫੧-੦੦ |
| ਸ: ਕੇਵਲ ਸਿੰਘ ਯੂ. ਐਸ. ਏ. | 'ਸੂਰਾ' ਦੀ ਚੜ੍ਹਦੀ ਕਲਾ ਲਈ | ੨੪-੦੦ |
| ਬੀਬੀ ਪਰਮਜੀਤ ਕੌਰ ਕਾਨਪੁਰ | ਸ਼ਹੀਦ ਭਾ: ਗੁਰਚਰਨਜੀਤ ਸਿੰਘ(ਪਤੀ)ਦੀ ਯਾਦ ਵਿਚ ਸਮਾਗਮ | ੧੩੪-੦੦ |
| ਸ: ਬਿੱਕਰ ਸਿੰਘ ਕਲਕੱਤਾ | ਕਾਕਾ ਇੰਦਰ ਇਕਬਾਲ ਸਿੰਘ ਦੀ ਵਿਦਿਆ ਲਈ ਅਰਦਾਸ | ੫੦-੦੦ |
| ਬੀਬੀ ਵਰਿਆਮ ਕੌਰ ਨਵੀਂ ਦਿੱਲੀ | 'ਸੂਰਾ' ਦੀ ਚੜ੍ਹਦੀ ਕਲਾ ਲਈ | ੧੧-੦੦ |
| ਬੀਬੀ ਦਯਾ ਕੌਰ ਨਵੀਂ ਦਿੱਲੀ | ,, ,, ,, | ੧੫-੦੦ |
| ਸ: ਕਰਤਾਰ ਸਿੰਘ ਨਵੀਂ ਦਿੱਲੀ | ,, ,, ,, | ੧੧-੦੦ |
| ਇਕ ਮਾਤਾ ਜੀ | ,, ,, ,, | ੧੫-੦੦ |
| ਸ: ਜਸਵੰਤ ਸਿੰਘ ਨਵੀਂ ਦਿੱਲੀ | ,, ,, ,, | ੧੧-੦੦ |

ਲਾਇਟ ਪ੍ਰਿੰਟਰਜ਼, ਬਾਜ਼ਾਰ ਬਾਬਾ ਭੌੜੀ ਵਾਲਾ, ਅੰਮ੍ਰਿਤਸਰ ਤੋਂ ਛਪਵਾ ਕੇ ਸੇਵਾ ਸਿੰਘ ਪ੍ਰਿੰਟਰ, ਪਬਲਿਸ਼ਰ ਤੇ ਸੰਪਾਦਕ ਨੇ ਅਖੰਡ ਕੀਰਤਨੀ ਜਥੇ ਵਲੋਂ ਬਜ਼ਾਰ ਮਾਈ ਸੇਵਾਂ, ਕੂਚਾ ਚਤਰ ਸਿੰਘ, ਅੰਮ੍ਰਿਤਸਰ ਤੋਂ ੧.੧੧.੮੫ ਨੂੰ ਪ੍ਰਕਾਸ਼ਤ ਕੀਤਾ।
ਟੈਲੀਫੋਨ ਨੰਬਰ 51847 ਘਰ : 43094

www.AKJ.Org

ਜਾ ਕਉ ਹਰਿ ਰੰਗੁ ਲਾਗੋ ਇਸੁ ਜੁਗ ਮਹਿ ਸੋ ਕਹੀਅਤ ਹੈ ਸੂਰਾ ॥


ੴ ਵਾਹਿਗੁਰੂ ਜੀ ਕੀ ਫਤਹ

# ਸੂਰਾ

ਮਾਸਿਕ ਸ੍ਰੀ ਅੰਮ੍ਰਿਤਸਰ ਪੱਤਰ

**ਸਾਲਾਨਾ ਚੰਦਾ**

ਦੇਸ ੧੫–੦੦
ਇਕ ਪਰਚਾ ੧–੫੦

ਪਰਦੇਸ

ਸਮੁੰਦਰੀ ਡਾਕ ੩੫–੦੦

ਹਵਾਈ ਡਾਕ

ਅਰਬ ਮਲਾਇਆ ੫੫–੦੦
ਯੂ. ਕੇ., ਅਫਰੀਕਾ ੭੫–੦੦
ਕੈਨੇਡਾ, ਅਮਰੀਕਾ ੯੦–੦੦

**ਅਮਾਨਤੀ**

**ਲਾਈਫ ਮੈਂਬਰ**

ਦੇਸ ੧੫੦–੦੦
ਪਰਦੇਸ ੩੫੦–੦੦

ਹਵਾਈ ਡਾਕ

ਯੂ. ਕੇ. ਅਫਰੀਕਾ ੭੫੦–੦੦
ਕੈਨੇਡਾ ਅਮਰੀਕਾ ੯੦੦–੦੦
ਅਰਬ ਮਲਾਇਆ ੫੫੦–੦੦

## ਅਖੰਡ ਕੀਰਤਨੀ ਜੱਥੇ ਵਲੋਂ ਨਿਰੋਲ ਗੁਰਮਤਿ ਮਾਸਕ ਪੱਤਰ

ਜਿਲਦ ੧੯ ਨਵੰਬਰ ੧੯੮੫ ਅੰਕ ੧੧


## ਥੰਮੈ ਕੋਇ ਨ ਸਾਧ ਬਿਨੁ

ਚਾਰੇ ਜਾਗੇ ਚਹੁ ਜੁਗੀ ਪੰਚਾਇਣੁ ਪ੍ਰਭੁ ਆਪੇ ਹੋਆ ॥
ਆਪੇ ਪਟੀ ਕਲਮ ਆਪਿ ਆਪੇ ਲਿਖਣਹਾਰਾ ਹੋਆ ॥
ਬਾਝਹੁ ਗੁਰੂ ਅੰਧੇਰੁ ਹੈ ਖਹਿ ਖਹਿ ਮਰਦੇ ਬਹੁ ਬਿਧਿ ਲੋਆ ॥
ਵਰਤਿਆ ਪਾਪੁ ਜਗਤ੍ਰ ਤੇ ਧਉਲ ਉਡੀਣਾ ਨਿਸਿਦਿਨ ਰੋਆ ॥
ਬਾਝੁ ਦਇਆ ਬਲਹੀਣ ਹੋਇ ਨਿਘਰ ਚਲੋ ਰਸਾਤਲ ਟੋਆ ॥
ਖੜਾ ਇਕਤੇ ਪੈਰ ਤੇ ਪਾਪ ਸੰਗਿ ਬਹੁ ਭਾਰਾ ਹੋਆ ॥
**ਥੰਮੈ ਕੋਇ ਨ ਸਾਧ* ਬਿਨੁ ਸਾਧੁ ਨ ਦਿਸੈ ਜਗ ਵਿਚਿ ਕੋਆ ॥**
ਧਰਮ ਧਉਲ ਪੁਕਾਰੈ ਤਲੈ ਖੜੋਆ ॥੨੨॥੧॥

[ਭਾਈ ਗੁਰਦਾਸ ਜੀ

* ਸਤਿਗੁਰੂ




www.AKJ.Org

# ਸ੍ਰੀ ਗੁਰੂ ਨਾਨਕ ਦੇਵ ਜੀ ਦੇ ਅਵਤਾਰ ਧਾਰਨ ਦਾ ਕਾਰਨ

[ਗੁਰਪੁਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਤਿਮਰ ਅਗਿਆਨ (ਭਰਮ ਅੰਧੇਰ) ਦੇ ਹੜ੍ਹ ਵਿੱਚ ਰੁੜ੍ਹੇ ਜਾ ਰਹੇ ਸੰਸਾਰ ਨੂੰ ਉਬਾਰਨ ਲਈ ਕਲੀਕਾਲ ਅੰਦਰ ਆ ਕੇ ਅਵਤਾਰ ਧਾਰਿਆ । ਇਸ ਧੁੰਧ ਰੋਗ ਨੂੰ ਦੂਰ ਕਰਨ ਲਈ ਅਜਿਹਾ ਅਧਿਭੁਤ ਅੰਜਨ ਅਮਰ-ਕਲਾ ਦੁਆਰਾ ਰੋਗੀ ਸੰਸਾਰੀਆਂ ਪ੍ਰਤਿ ਨਿਛਾਵਰ ਕੀਤਾ ਕਿ ਇਸ ਔਖਧਿ ਸੰਪੰਨ ਅਮਰ-ਕਲਾ ਨੇ ਸੁਗਮ ਹੀ ਭਰਮ ਦੇ ਛਉੜ ਕੱਟ ਦਿੱਤੇ । ਕੈਸੀ ਅਚਰਜ ਔਖਧੀ ਹੈ ਤੇ ਕੈਸਾ ਅਦੁਤੀ ਅੰਜਨ (ਸੁਰਮਾ) ਹੈ ਕਿ ਜਿਸ ਨੂੰ ਗੁਰੂ ਨਾਨਕ ਦੇਵ ਰੂਪੀ, ਗੁਰੂ ਸਰੂਪ ਸੋਮੇ ਤੋਂ ਨਿਕਲੀ ਗੁਰਬਾਣੀ ਇਸ ਤਰ੍ਹਾਂ ਨਿਰੂਪਣ ਕਰਦੀ ਹੈ । ਯਥਾ:—

ਗਿਆਨ ਅੰਜਨ ਨਾਮ ਬਿੰਜਨ...੧॥ (੪॥੨॥) ਬਿਹਾਗੜਾ ਮ: ੫, ਪੰਨਾ ੫੪੨

ਬੱਸ ਇਹ ਅਲੌਕਿਕ ਅੰਜਨ, ਇਹ ਅਧਿਭੁਤ ਔਖਧੀ (ਦਾਰੂ) ਨਾਮ ਹੈ, ਜਿਸ ਅਮਰ ਪਦਾਰਥ ਦੇ ਭੁੰਚਿਆਂ ਤੇ ਰੋਗੀ ਦੇ ਰਿਦੇ ਅੰਦਰ ਪ੍ਰਵੇਸ਼ ਹੋਣ ਕਰਕੇ ਅਗਿਆਨ-ਅੰਧੇਰ ਬਿਨਾਸ਼ ਹੋ ਜਾਂਦਾ ਹੈ ਤੇ ਕਰੋੜਾਂ ਸੂਰਜਾਂ ਦੇ ਉਜਿਆਰਿਆਂ ਸਮਾਨ ਦਿੱਬ ਜੋਤਿ ਦਾ ਪ੍ਰਕਾਸ਼ ਹੋ ਜਾਂਦਾ ਹੈ । ਯਥਾ ਗੁਰਵਾਕ:—

ਨਾਮੁ ਜਪਤ ਕੋਟਿ ਸੂਰ ਉਜਾਰਾ ਬਿਨਸੈ ਭਰਮੁ ਅੰਧੇਰਾ ॥੧॥ (੩॥੪)

ਜੈਤਸਰੀ ਮ: ੫, ਪੰਨਾ ੭੦੦

ਜਦ ਤਕ ਜੋਤਿ ਦਾ ਪ੍ਰਕਾਸ਼ ਜਗਿਆਸੂਆਂ ਦੇ ਹਿਰਦੇ ਅੰਦਰ ਨਹੀਂ ਹੁੰਦਾ ਤਦ ਤਕ ਘੋਰ ਅੰਨ੍ਹੇਰਾ ਹੀ ਅੰਨ੍ਹੇਰਾ ਹੈ । ਐਵੇਂ ਗੱਲਾਂ ਬਾਤਾਂ ਦੁਆਰਾ ਇਹ ਜੋਤਿ ਦਾ ਪ੍ਰਕਾਸ਼ ਨਹੀਂ ਹੋ ਸਕਦਾ । ਇਹ ਤਾਂ ਕੇਵਲ 'ਨਾਮ' ਦੁਆਰਾ ਹੀ ਹੋ ਸਕਦਾ ਹੈ । ਨਾਮ ਸਿਮਰਨ ਨਾਲ ਹੀ ਦਿੱਬ ਜੋਤਿ ਦੀ ਲਖਤਾ ਦਾ ਪ੍ਰਕਾਸ਼ ਹੁੰਦਾ ਹੈ । ਇਹ ਅਵਸਥਾ ਕੇਵਲ ਫ਼ਿਲਾਸਫ਼ਰਾਂ ਵਾਲੀਆਂ ਖ਼ਿਆਲੀ ਉਡਾਰੀਆਂ ਯਾ ਅਨੁਮਾਨਾਂ ਨਾਲ ਪ੍ਰਾਪਤ ਨਹੀਂ ਹੋ ਸਕਦੀ । ਨਾਮ ਦੀ ਸ਼ਰਧਾ-ਭਾਵਨੀ ਵਾਲੀ ਨਿਸ਼ਕਾਮ ਕਮਾਈ ਦੁਆਰਾ ਹੀ ਅਕਾਲੀ ਜੋਤਿ ਦੇ ਪਰਤੱਖ ਦਰਸ਼ਨ ਹੁੰਦੇ ਹਨ ।

ਇਹ ਨਾਮ ਦਾ ਫੁਹਾਰਾ ਕਿੱਥੋਂ ਫੁੱਟਿਆ ? ਸਤਿਗੁਰੂ ਨਾਨਕ ਦੇਵ ਜੀ ਰੂਪੀ ਸੱਚੇ ਸੋਮੇ ਤੋਂ, ਜਿਨ੍ਹਾਂ ਦੇ ਅਵਤਾਰ ਦਿਹਾੜੇ ਦਾ ਗੁਰਪੁਰਬ ਮਨਾਇਆ ਜਾਂਦਾ ਹੈ । ਗੁਰਪੁਰਬ ਮਨਾਵਣਾ ਕੇਵਲ ਉਸ ਸ਼ੁਭ ਦਿਹਾੜੇ ਦੀ ਯਾਦਗਾਰ ਹੈ, ਕਿਉਂਕਿ ਇਹ ਸੱਚ ਦੇ ਪ੍ਰਕਾਸ਼ ਦਾ ਦਿਹਾੜਾ ਹੈ, ਸੱਚੇ ਗਿਆਨ ਦੇ ਪ੍ਰਕਾਸ਼ ਦਾ ਸੁਭਾਗ ਦਿਹਾੜਾ ਹੈ; ਕਿਉਂਕਿ ਏਸ ਦਿਨ ਸ੍ਰੀ ਗੁਰੂ ਨਾਨਕ ਸਾਹਿਬ ਨਾਮ ਰੂਪੀ ਔਖਧੀ ਲੈ ਕੇ ਸੰਸਾਰ ਨੂੰ ਅਰੋਗ ਕਰਨ ਲਈ ਪਰਗਟ ਹੋਏ । ਗੁਰੂ ਰੂਪ ਸੂਰਜ ਬਿਨਾਂ ਸੰਸਾਰ ਉਪਰ ਧੁੰਧ ਗੁਬਾਰ ਹੀ ਸੀ । ਜੈਸਾ ਕਿ ਗੁਰਵਾਕ ਹੈ:—

ਜੇ ਸਉ ਚੰਦਾ ਉਗਵਹਿ ਸੂਰਜ ਚੜਹਿ ਹਜਾਰ ॥
ਏਤੇ ਚਾਨਣ ਹੋਦਿਆਂ ਗੁਰ ਬਿਨੁ ਘੋਰ ਅੰਧਾਰ ॥੨॥ (੧) ਆਸਾ ਦੀ ਵਾਰ, ਮ: ੨ ਪੰਨਾ ੪੬੩

ਏਸੇ ਲਈ ਭਾਈ ਗੁਰਦਾਸ ਜੀ ਕਹਿੰਦੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪਰਗਟ ਹੋਣ ਪਰ ਹੀ ਦੁਨੀਆ ਵਿੱਚ ਅੰਤਰ-ਆਤਮੇ ਗਿਆਨ ਪ੍ਰਕਾਸ਼ਨਹਾਰਾ ਚਾਨਣ ਹੋਇਆ:—

ਸਤਿਗੁਰ ਨਾਨਕ ਪ੍ਰਗਟਿਆ ਮਿਟੀ ਧੁੰਧੁ ਜਗਿ ਚਾਨਣੁ ਹੋਆ ॥

ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੭

ਅਜਿਹੇ ਸੱਚੇ ਸਤਿਗੁਰੂ ਦੀ ਯਾਦ ਵਿੱਚ ਗੁਰਪੁਰਬ ਕਿਉਂ ਨਾ ਮਨਾਏ ਜਾਣ ? ਪਰ ਵਿਚਾਰਨਾ ਚਾਹੀਦਾ ਹੈ ਕਿ ਗੁਰਪੁਰਬ ਮਨਾਉਣ ਦਾ ਮਨੋਰਥ ਕੀ ਹੈ ? ਕੀ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਆਉਣਾ ਹੋਰ ਚੁਰਾਸੀਏ ਜੀਵਾਂ ਯਾ ਹੋਰ ਅਵਤਾਰਾਂ ਆਦਿ ਵਾਂਗ ਸੀ ? ਨਹੀਂ, ਹਰਗਿਜ਼ ਨਹੀਂ । ਸ੍ਰੀ ਗੁਰੂ ਨਾਨਕ ਸਾਹਿਬ ਜੀ ਦੇ ਅਵਤਾਰ ਧਾਰਨ ਦਾ ਪ੍ਰਯੋਜਨ ਤੇ ਵਿਲੱਖਣਤਾ ਇਹ ਗੁਰਵਾਕ ਪਰਗਟ ਕਰਦਾ ਹੈ:—



www.AKJ.Org

ਜਨਮ ਮਰਣ ਦੁਹਹੂ ਮਹਿ ਨਾਹੀ ਜਨ ਪਰਉਪਕਾਰੀ ਆਏ ॥
ਜੀਅ ਦਾਨੁ ਦੇ ਭਗਤੀ ਲਾਇਨਿ ਹਰਿ ਸਿਉ ਲੈਨਿ ਮਿਲਾਏ ॥੨॥ (੪॥੭॥੫੪)

ਸੂਹੀ ਮ: ੫, ਪੰਨਾ ੭੪੯

**ਸ੍ਰੀ ਗੁਰੂ ਨਾਨਕ ਦੇਵ ਜੀ ਜੀਅ-ਦਾਨ ਦੇ ਕੇ ਭਗਤੀ ਵਿੱਚ ਜੀਵਾਂ ਨੂੰ ਲਾਉਣ ਦੇ ਪ੍ਰਯੋਜਨ ਨੂੰ ਲੈ ਕੇ ਸੰਸਾਰ ਵਿਚ ਪਰਗਟ ਹੋਏ।** ਨਾਮ ਧਨ ਦਾ ਦਾਨ ਆਪ ਨੇ ਸੰਸਾਰ ਨੂੰ ਦਿੱਤਾ, ਜੋ ਸਦਾ ਨਾਲ ਨਿਭਣ ਵਾਲਾ ਹੈ। ਯਥਾ:–

ਇਹੁ ਹਰਿ ਧਨ ਜੀਐ ਸੇਤੀ ਰਵਿ ਰਹਿਆ ਜੀਐ ਨਾਲੇ ਜਾਇ ॥੨॥ (੭)

ਗੂਜਰੀ ਕੀ ਵਾਰ, ਪੰਨਾ ੫੧੧

ਸਾਨੂੰ ਚਾਹੀਦਾ ਹੈ ਕਿ ਗੁਰਪੁਰਬ ਵਾਲੇ ਦਿਨ ਪ੍ਰੇਮਾ-ਭਗਤੀ ਵਿੱਚ ਲੀਨ ਹੋਈਏ, ਤਾਕਿ ਹਰਿ-ਪ੍ਰੀਤਮ ਦੇ ਮਿਲਾਪ ਦੇ ਪਰਮ ਪਦ ਦੀ ਪ੍ਰਾਪਤੀ ਹੋਵੇ। ਭਾਉ-ਭਗਤੀ ਸਹਿਤ ਗੁਰਸਿੱਖਾਂ ਦਾ ਗੁਰਪੁਰਬ ਮਨਾਉਣਾ ਲੇਖੇ ਪੈਂਦਾ ਹੈ। ਜੈਸਾ ਕਿ ਇਸ ਤਰ੍ਹਾਂ ਗੁਰਪੁਰਬ ਮਨਾਵਣਹਾਰਿਆਂ ਦੀ ਮਹਿਮਾ ਭਾਈ ਗੁਰਦਾਸ ਜੀ ਦਸਦੇ ਹਨ:–

ਕੁਰਬਾਨੀ ਤਿਨ੍ਹਾ ਗੁਰਸਿਖਾਂ ਭਾਇ ਭਗਤਿ ਗੁਰਪੁਰਬ ਕਰੰਦੇ ॥

ਭਾਈ ਗੁਰਦਾਸ ਜੀ, ਵਾਰ ੧੨, ਪਉੜੀ ੨

ਬੱਸ, ਭਾਉ-ਭਗਤੀ ਦੇ ਰੰਗ ਵਿੱਚ ਮਨਾਇਆ ਗੁਰਪੁਰਬ ਹੀ ਪ੍ਰਵਾਣ ਪੈਂਦਾ ਹੈ। ਜੇ ਇਸ ਤਰ੍ਹਾਂ ਗੁਰਪੁਰਬ ਮਨਾਏ ਜਾਣ ਤਾਂ ਗੁਰੂ ਸਾਹਿਬ ਦੇ ਐਨ ਓਸੇ ਵਕਤ ਓਥੇ ਜੋਤਿ ਸਰੂਪੀ ਪਰਤੱਖ ਦਰਸ਼ਨ ਹੋਣ ਵਿੱਚ ਰੰਚਕ ਸੰਦੇਹ ਨਹੀਂ। ਪਰ ਇਸ ਤਰ੍ਹਾਂ ਦਾ ਤੀਬਰ ਪ੍ਰੇਮ ਤੇ ਗੁਰੂ ਦਰਸ਼ਨ ਦੀ ਪ੍ਰਤੀਤ ਵਿਰਲੇ ਗੁਰਸਿੱਖਾਂ ਨੂੰ ਹੀ ਹੁੰਦੀ ਹੈ। ਉਨ੍ਹਾਂ ਦਾ ਹੀ ਭਾਉ-ਭਗਤੀ ਕਰਨਾ ਤੇ ਗੁਰੂ-ਜਸ ਗਾਵਣਾ ਥਾਉਂ ਪੈਂਦਾ ਹੈ। ਯਥਾ ਗੁਰਵਾਕ:–

ਜਿਸ ਨੋ ਪਰਤੀਤਿ ਹੋਵੈ ਤਿਸ ਕਾ ਗਾਵਿਆ ਥਾਇ ਪਵੈ ਸੋ ਪਾਵੈ ਦਰਗਹ ਮਾਨੁ ॥
ਜੋ ਬਿਨੁ ਪਰਤੀਤੀ ਕਪਟੀ ਕੂੜੀ ਕੂੜੀ ਅਖੀ ਮੀਟਦੇ
ਤਿਨ ਕਾ ਉਤਰਿ ਜਾਇਗਾ ਝੂਠੁ ਗੁਮਾਨੁ ॥੩॥ (੪॥੪॥੧੧) [ਸੂਹੀ ਮ: ੪, ਪੰਨਾ ੭੩੪

[ਪੁਸਤਕ 'ਗੁਰਮਤਿ ਪ੍ਰਾਕਸ਼ ਵਿਚੋਂ'

---

# ਸੋ ਸਤਿਗੁਰੁ ਕਹੀਐ

ਜਿਸੁ ਮਿਲਿਐ ਮਨਿ ਹੋਇ ਅਨੰਦੁ ਸੋ ਸਤਿਗੁਰੁ ਕਹੀਐ ॥
ਮਨ ਕੀ ਦੁਬਿਧਾ ਬਿਨਸਿ ਜਾਇ ਹਰਿ ਪਰਮ ਪਦੁ ਲਹੀਐ ॥੧॥
ਮੇਰਾ ਸਤਿਗੁਰੁ ਪਿਆਰਾ ਕਿਤੁ ਬਿਧਿ ਮਿਲੈ ॥
ਹਉ ਖਿਨੁ ਖਿਨੁ ਕਰੀ ਨਮਸਕਾਰੁ ਮੇਰਾ ਗੁਰੁ ਪੂਰਾ ਕਿਉ ਮਿਲੈ ॥੧॥ਰਹਾਉ॥
ਕਰਿ ਕਿਰਪਾ ਹਰਿ ਮੇਲਿਆ ਮੇਰਾ ਸਤਿਗੁਰੁ ਪੂਰਾ ॥
ਇਛ ਪੁੰਨੀ ਜਨ ਕੇਰੀਆ ਲੇ ਸਤਿਗੁਰ ਧੂਰਾ ॥੨॥
ਹਰਿ ਭਗਤਿ ਦ੍ਰਿੜਾਵੈ ਹਰਿ ਭਗਤਿ ਸੁਣੈ ਤਿਸੁ ਸਤਿਗੁਰ ਮਿਲੀਐ ॥
ਤੋਟਾ ਮੂਲਿ ਨ ਆਵਈ ਹਰਿ ਲਾਭੁ ਨਿਤਿ ਦ੍ਰਿੜੀਐ ॥੩॥
ਜਿਸ ਕਉ ਰਿਦੈ ਵਿਗਾਸੁ ਹੈ ਭਾਉ ਦੂਜਾ ਨਾਹੀ ॥
ਨਾਨਕ ਤਿਸੁ ਗੁਰ ਮਿਲਿ ਉਧਰੈ ਹਰਿ ਗੁਣ ਗਾਵਾਹੀ ॥੪॥੮॥੧੪॥੫੨॥

[ਗਉੜੀ ਬੈਰਾਗਣਿ ਮਹਲਾ ੪, ਪੰਨਾ ੧੬੮



www.AKJ.Org

# ਨਿਰੰਕਾਰੀ ਸਰੂਪਾ ਗੁਰੂ ਨਾਨਕ ਨਿਰੰਕਾਰੀ

## ਸ਼ਰਧਾਵਾਨ ਸਿੱਖਾਂ ਲਈ ਸਦਾ ਹਾਜ਼ਰ ਨਾਜ਼ਰ

[ਗੁਰਪੂਰਵਾਸੀ ਭਾ: ਸਾ: ਭਾਈ ਰਣਧੀਰ ਸਿੰਘ ਜੀ]

ਸਤਿਗੁਰੁ ਮੇਰਾ ਸਦਾ ਸਦਾ ਨਾ ਆਵੈ ਨਾ ਜਾਇ ॥
ਓਹੁ ਅਬਿਨਾਸੀ ਪੁਰਖੁ ਹੈ ਸਭ ਮਹਿ ਰਹਿਆ ਸਮਾਇ ॥੧੩॥ ਸੂਹੀ ਅਸਟ: ਮ: ੪, ਪੰਨਾ ੭੫੯

ਗੁਰਵਾਕ ਅਨੁਸਾਰ ਕਲਾਧਾਰੀ ਗੁਰੂ ਨਾਨਕ ਸਾਹਿਬ, ਜਿਹਾ ਕਿ ਨਿਰੰਕਾਰੀ ਦੇਹ ਧਾਰਨ ਦੇ ਸਮੇਂ ਸ਼ਰਧਾਵਾਨ ਗੁਰਸਿੱਖਾਂ ਪ੍ਰਤੀ ਸਦਾ ਹੀ ਹਾਜ਼ਰ ਨਾਜ਼ਰ ਸਨ, ਓਸੇ ਪ੍ਰਕਾਰ ਹੀ ਹੁਣ ਭੀ ਗੁਰੂ ਨਾਨਕ ਸਾਹਿਬ ਸਦਾ ਹੀ ਦ੍ਰਿਸ਼ਮਾਨ ਹਨ। ਪ੍ਰੰਤੂ ਉਨ੍ਹਾਂ ਗੁਰਸਿੱਖਾਂ ਲਈ ਦ੍ਰਿਸ਼ਮਾਨ ਹਨ, ਜੋ ਨਾਨਕ ਨਿਰੰਕਾਰੀ ਉੱਤੇ ਪੁਰਾਤਨ ਸਿੰਘਾਂ ਵਾਲੀ ਸ਼ਰਧਾ-ਭਾਵਨੀ ਰਖਦੇ ਹਨ। ਭਾਈ ਗੁਰਦਾਸ ਜੀ ਦੇ ਮਹਾਂ ਵਾਕ ਅਨੁਸਾਰ—

ਥੰਮੈ ਕੋਇ ਨ ਸਾਧ ਬਿਨੁ; ਸਾਧੁ ਨ ਦਿਸੈ ਜਗ ਵਿਚਿ ਕੋਆ ॥

ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੨

ਕੇਵਲ ਗੁਰੂ ਨਾਨਕ ਸਾਹਿਬ ਸਾਰੇ ਜਗਤ ਨੂੰ ਉ ਧਾਰਨ ਉਭਾਰਨ ਦਾ ਥੰਮ ਹੋਏ ਹਨ। ਗੁਰੂ ਨਾਨਕ ਸਾਹਿਬ ਜੀ ਦੇ ਨਿਰੰਕਾਰੀ ਸਰੂਪ ਬਿਨਾਂ ਨਾ ਕੋਈ ਗੁਰੂ ਰੂਪ ਸਾਧ ਹੋਇਆ ਨਾ ਹੋਵੇਗਾ। ਸਤਿਗੁਰੂ ਨਾਨਕ ਦੇਵ ਜੀ ਹੀ ਸੱਚੇ ਸਤਿਗੁਰੂ ਹੋਏ ਹਨ, ਜੋ ਧੁਰੋਂ, ਧੁਰ ਦਰਬਾਰੋਂ ਅਜ਼ਲੀ ਅਬਦੀ ਗੁਰੂ ਥਾਪੇ ਗਏ ਹਨ। ਸੱਚੇ ਸਤਿਗੁਰੂ ਦੀ ਪਦਵੀ ਕੇਵਲ ਗੁਰੂ ਨਾਨਕ ਨਿਰੰਕਾਰੀ ਜੀ ਨੂੰ ਹੀ ਪ੍ਰਾਪਤ ਹੈ।

ਸਤਿਗੁਰ ਬਾਝਹੁ ਗੁਰੁ ਨਹੀ ਕੋਈ ਨਿਗੁਰੇ ਕਾ ਹੈ ਨਾਉ ਬੁਰਾ ॥੧੩॥

ਆਸਾ ਮ: ੩ ਪਟੀ, ਪੰਨਾ ੪੩੫

ਦੇ ਗੁਰਵਾਕ ਦੇ ਭਾਵ ਅਨੁਸਾਰ ਗੁਰੂ ਨਾਨਕ ਸੱਚੇ ਸਤਿਗੁਰ ਬਾਝੋਂ ਨਾ ਕੋਈ ਗੁਰੂ ਹੋਇਆ ਹੈ ਨਾ ਕੋਈ ਹੋਵੇਗਾ। ਸਭ ਨਿਗੁਰੇ ਹੀ ਹਨ, ਐਵੇਂ ਆਪੋਂ ਹੀ ਗੁਰੂ ਬਣ ਬਣ ਬਹਿੰਦੇ ਹਨ। ਸੱਚੀ ਗੁਰੱਤਤਾ ਵਾਲੀ ਨੀਸ਼ਾਨੀ ਕਿਸੇ ਅੰਦਰ ਵੀ ਨਹੀਂ ਹੈ। ਭੂਤ ਭਵਿੱਖਤ ਦੇ ਦਾਨੀ ਸ੍ਰੀ ਗੁਰੂ ਗੋਬਿੰਦ ਸਿੰਘ ਜੀ ਮਹਾਰਾਜ ਦੇ ਇਸ ਮਹਾਂ ਵਾਕ ਅਨੁਸਾਰ:—

ਘਰਿ ਘਰਿ ਹੋਇ ਬੈਠ ਹੈਂ ਰਾਮਾ ॥ ਤਿਨ ਤੇ ਸਰੇ ਨਾ ਕੋਊ ਕਾਮਾ ॥੧੨॥

ਦਸਮ ਗ੍ਰੰਥ, ਕਲਕੀ ਅਵਤਾਰ

ਜਦੋਂ ਗੁਰੂ ਦਸਮੇਸ਼ ਜੀ ਦੇ ਪਰਤੱਖ ਹੋਂਦਿਆਂ ਡਿੰਭੀ ਗੁਰੂਆਂ ਦੀਆਂ ੨੨ ਮੰਜੀਆਂ ਲਗ ਗਈਆਂ, ਤਾਂ ਗੁਰੂ ਸਾਹਿਬ ਨੇ ਸੋਚਿਆ ਕਿ ਕਾਲੇ ਬੋਲੇ ਆਵਣ ਵਾਲੇ ਕਲੀਕਾਲ ਸਮੇਂ ਅਜਿਹੇ ਡਿੰਭੀ ਗੁਰੂ, ਆਪਣੇ ਆਪ ਨੂੰ ਗੁਰੂ ਸਦਾਣ ਵਾਲੇ ਅਨੇਕਾਂ ਹੀ ਹੋ ਬੈਠਣਗੇ, ਪ੍ਰੰਤੂ ਤਿਨ੍ਹਾਂ ਤੋਂ ਸੱਚੀ ਗੁਰੱਤਤਾ ਵਾਲਾ ਕੋਈ ਕਾਜ ਸਰੇ ਸੰਵਰੇਗਾ ਨਹੀਂ। ਤਾਂ ਸਮਰੱਥ ਸਤਿਗੁਰੂ ਦਸਮੇਸ਼ ਜੀ ਨੇ ਹਮੇਸ਼ਾ ਲਈ ਇਹ ਧੁਰਵਾ ਬੰਨ੍ਹ ਦਿੱਤਾ ਕਿ 'ਆਦਿ ਅੰਤਿ ਏਕੈ ਅਵਤਾਰਾ'। ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਤਾਬਿਆ ਪੰਜਾਂ ਪਿਆਰਿਆਂ ਅੰਦਰ ਹੀ ਗੁਰੂ ਅਕਾਲ ਪੁਰਖ ਵਾਹਿਗੁਰੂ ਦੇ ਸਰੂਪ ਵਾਲੀ ਸੱਚੀ ਕਲਾ ਵਰਤੇਗੀ। ਏਸ ਗੱਲ ਨੂੰ ਹੀ ਜਾਂਚ ਕੇ ਸ੍ਰੀ ਗੁਰੂ ਕਲਗੀਧਰ ਜੀ ਨੇ ਦੇਹਧਾਰੀ ਗੁਰੂਆਂ ਵਾਲਾ ਸਿਲਸਿਲਾ ਹੀ ਖ਼ਤਮ ਕਰ ਦਿੱਤਾ। ਪੰਜਾਂ ਪਿਆਰਿਆਂ ਵਿਚੋਂ ਕੋਈ ਇਕੱਲਾ ਪਿਆਰਾ ਆਪਣੇ ਆਪ ਨੂੰ ਗੁਰੂ ਦੀ ਪਦਵੀ ਨਹੀਂ ਦੇ ਸਕਦਾ। ਪੰਜਾਂ ਪਿਆਰਿਆਂ ਦੀ ਸੰਮਿਲਤ ਸੱਚੀ ਪ੍ਰਮਾਰਥੀ ਕਲਾ ਕੌਸ਼ਲ ਅੰਦਰ ਹੀ ਸੱਚੜੀ ਗੁਰੱਤਤਾ ਵਾਲੀ ਸੱਚੀ ਕਲਾ ਵਰਤੇਗੀ ਅਤੇ ਅਜ਼ਲ ਅੱਬਦੀ ਤਾਈਂ ਵਰਤਦੀ ਰਵ੍ਹੇਗੀ। ਦਸਾਂ ਪਾਤਸ਼ਾਹੀਆਂ ਪਿੱਛੋਂ ਦੇਹਧਾਰੀ ਗੁਰੂਆਂ ਦੀ ਸਦਾਵਣ ਵਾਲੀ ਗੁਰੂ-ਡੰਮ੍ਹ ਸਮਾਪਤ ਹੋ ਗਈ। ਸਤਿਗੁਰੂ ਨਾਨਕ ਨਿਰੰਕਾਰੀ ਬਾਝੋਂ ਸਭ ਨਿਗੁਰੇ ਨਿਗੁਸਾਏ ਡਿੰਭੀ ਗੁਰੂ ਹਨ। ਸੱਚੇ ਸਤਿਗੁਰੂ ਦੀ ਪਹਿਲੀ ਸੱਚੀ ਨਿਸ਼ਾਨੀ ਇਹ ਹੈ ਕਿ ਉਹ ਧੁਰੋਂ, ਧੁਰ ਦਰਬਾਰੋਂ ਬਖਸ਼ੇ ਹੋਏ ਨਾਮ-ਸੰਪੰਨ ਹੋਣਗੇ। ਹੋਰ ਸਭ ਨਾਮ-ਹੀਣੇ ਮੀਣੇ ਡਿੰਭੀ ਗੁਰੂ ਹੀ


www.AKJ.Org

ਹਨ, ਨਾਮ ਦੀ ਪ੍ਰਾਪਤੀ ਬਿਨਾਂ ਹੀ ਗੁਰੂ ਬਣ ਬਣ ਬਹਿੰਦੇ ਹਨ। ਇਹ ਨਾਮ, ਸੱਚੜਾ ਨਾਮ ਗੁਰੂ ਨਾਨਕ ਬਾਝੋਂ ਨਾ ਕਿਸੇ ਨੂੰ ਪ੍ਰਾਪਤ ਹੋਇਆ ਹੈ ਨਾ ਪ੍ਰਾਪਤ ਹੋਵੇਗਾ।

ਗੁਰੂ ਨਾਨਕ ਨਿਰੰਕਾਰੀ ਸਦਾ ਹੀ ਹਾਜ਼ਰ ਨਾਜ਼ਰ ਸ਼ਰਧਾ ਵਾਲੇ ਗੁਰਸਿਖਾਂ ਦੇ ਅੰਗ ਸੰਗ ਹਨ। ਮਤ ਜਾਣੋ ਕਿ ਨਿਰੰਕਾਰੀ ਦੇਹ ਧਾਰਨ ਸਮੇਂ ਹੀ ਗੁਰੂ ਨਾਨਕ ਸਾਹਿਬ ਗੁਰਸਿੱਖਾਂ ਨੂੰ ਦਰਸ ਦਿਖਾਵਣਹਾਰੇ ਸਨ; ਹੁਣ ਭੀ ਉਸੇ ਪ੍ਰਕਾਰ ਹੀ ਹਨ। ਕਿਤੇ ਗਏ ਨਹੀਂ, ਹਰ ਥਾਂ ਸਰਬ ਵਿਆਪਕ ਹਨ। ਗੁਰੂ ਨਾਨਕ ਨਿਰੰਕਾਰੀ ਨੂੰ ਆਵਣ ਜਾਣ ਵਾਲੇ ਚੁਰਾਸੀ ਦੇ ਗੇੜ ਵਾਲੇ ਗੁਰੂ ਸਮਝਣਾ ਅਲਪਗ ਬੁੱਧੀ ਵਾਲੇ ਸਿੱਖਾਂ ਦਾ ਕੰਮ ਹੈ। ਸਰਬੱਗਤਾ ਦੀ ਪਹੁੰਚ ਨੂੰ ਪਹੁੰਚੇ ਹੋਏ ਗੁਰੂ ਦੇ ਬਖ਼ਸ਼ੇ ਹੋਏ ਲਾਲ ਹੁਣ ਭੀ ਹਰ ਦਮ ਗੁਰੂ ਨਾਨਕ ਨਿਰੰਕਾਰੀ ਨੂੰ ਨਿਕਟਵਰਤੀ ਤੇ ਸਰਬ-ਵਿਆਪੀ ਹੀ ਸਮਝਦੇ ਹਨ। ਤਿਨ੍ਹਾਂ ਬਖ਼ਸ਼ੇ ਹੋਏ ਗੁਰੂ ਕੇ ਲਾਲ ਗੁਰਸਿੱਖਾਂ ਨੂੰ ਹੁਣ ਭੀ ਗੁਰੂ ਨਾਨਕ ਨਿਰੰਕਾਰੀ ਓਸੇ ਪ੍ਰਕਾਰ ਹੀ ਦਰਸ਼ਨ-ਦੀਦਾਰ ਦਿਖਾਉਂਦੇ ਹਨ ਅਤੇ ਹਰ ਦਮ ਦਿਖਾਉਂਦੇ ਰਹਿੰਦੇ ਹਨ, ਜਿਸ ਪ੍ਰਕਾਰ ਕਿ ਅਗੇ ਭੀ ਦਿਖਾਉਂਦੇ ਰਹਿੰਦੇ ਸਨ। ਗੁਰੂ ਨਾਨਕ ਸਾਹਿਬ ਜੀ ਨਿਰੰਕਾਰ ਦਾ ਹੀ ਸਰੂਪ ਹੁੰਦੇ ਹੋਏ ਸਦਾ ਹੀ ਅਬਿਨਾਸ਼ੀ ਪੁਰਖ ਹਨ। ਉਹ ਆਵਣ ਜਾਣ ਅੰਦਰ ਹੈ ਹੀ ਨਹੀਂ।

ਸੱਚਾ ਸਾਧ ਗੁਰੂ, ਗੁਰੂ ਨਾਨਕ ਬਾਝੋਂ ਹੋਰ ਕੋਈ ਭੀ ਆਪਣੇ ਆਪ ਨੂੰ ਨਹੀਂ ਕਹਾ ਸਕਦਾ। ਇਹ ਸੱਚਾ ਮਰਤਬਾ ਸੱਚੀ ਗੁਰੱਤਤਾ ਵਾਲਾ ਕੇਵਲ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਅਰਪਨ ਹੋਇਆ ਹੈ। ਥਾਉਂ ਥਾਈਂ ਨਾਮ-ਹੀਣੇ ਮੀਣੇ ਗੁਰੂ ਜੋ ਬਣ ਬਣ ਬਹਿੰਦੇ ਹਨ, ਉਹ ਸੱਚੀ ਗੁਰੱਤਤਾ ਦੀ ਕਲਾ ਤੋਂ ਬਿਲਕੁਲ ਖ਼ਾਲੀ ਹਨ। ਗੁਰੂ ਨਾਨਕ ਨਿਰੰਕਾਰੀ ਸੱਚੇ ਧੁਰ ਦਰਬਾਰੀ ਗੁਰੂ ਹਨ। ਹੋਰ ਕੂੜਾਵੇ ਗੁਰੂ ਚਾਹੇ ਕਿਤਨੇ ਹੀ ਦੁਨਿਆਵੀ ਅਡੰਬਰ ਸਾਜੀ ਫਿਰਨ, ਗੁਰੂ ਨਾਨਕ ਸਾਹਿਬ ਦੀ ਸਦਰਸਤਾ ਨੂੰ ਪ੍ਰਾਪਤ ਨਹੀਂ ਹੋ ਸਕਦੇ। ਦੁਨਿਆਵੀ ਮਨੋਰਥਾਂ ਨੂੰ ਪੂਰਨ ਕਰਨਹਾਰੇ ਮਨੁੱਸ਼ ਐਵੇਂ ਅਤੇ ਨਿਸਫਲ ਹੀ ਵਡ-ਅਡੰਬਰੀ ਇਨ੍ਹਾਂ ਆਪੋਂ ਬਣ ਬੈਠੇ ਡਿੰਭੀ ਗੁਰੂਆਂ ਨੂੰ ਗੁਰੂ ਮੰਨੀ ਬੈਠੇ ਹਨ, ਹਾਲਾਂਕਿ ਇਨ੍ਹਾਂ ਅੰਦਰਿ ਰੰਚਕ ਮਾਤਰ ਭੀ ਸੱਚੀ ਗੁਰੱਤਤਾ ਵਾਲੀ ਕਲਾ ਨਹੀਂ। ਅਜਿਹੇ ਅਡੰਭਰੀ, ਮੀਣੇ, ਨਾਮ ਹੀਣੇ ਡਿੰਭੀ ਗੁਰੂ ਅੰਤ ਨੂੰ ਪਛਤਾਵਣਗੇ ਅਤੇ ਮੂੰਹੋਂ ਮੂੰਹ ਚੋਟਾਂ ਖਾਣਗੇ। ਇਨ੍ਹਾਂ ਨੂੰ ਅਗੇ ਜਾ ਕੇ ਸੱਚੀ ਦਰਗਾਹੇ ਮੁਦਗਰਾਂ ਦੀ ਮਾਰ ਪਵੇਗੀ, ਫਿਰ ਇਹ ਬਿਲਲਾਵਣਗੇ ਤੇ ਚੀਖਣਗੇ, ਪਰ ਇਨ੍ਹਾਂ ਦੀ ਚੀਖ ਪੁਕਾਰ ਸੁਣਨ ਵਾਲਾ ਕੋਈ ਨਹੀਂ ਹੋਵੇਗਾ। ਜਿਨ੍ਹਾਂ ਪੁਰਸ਼ਾਂ ਉਤੇ ਇਹ ਲੋਗ ਡਿੰਭੀ ਗੁਰੂ ਬਣਨ ਦਾ ਡਿੰਭ ਧਾਰੀ ਫਿਰਦੇ ਹਨ, ਓਹੀ ਪੁਰਸ਼ ਪਲਟੇ ਵਜੋਂ ਇਨ੍ਹਾਂ ਨੂੰ ਮੁਦਗਰਾਂ ਦੀ ਮਾਰ ਮਾਰਨਗੇ। ਪ੍ਰੰਤੂ ਡਿੰਭੀ ਗੁਰੂ ਬਣਨ ਦਾ ਚਸਕਾ ਇਤਨਾ ਪ੍ਰਬਲ ਹੈ ਕਿ ਬਿਨਾਂ ਗੁਰੱਤਤਾ ਵਾਲੀ ਕਲਾ ਦੇ ਹੋਂਦਿਆਂ ਵੀ ਇਹ ਡਿੰਭੀ ਪੁਰਸ਼ ਗੁਰੂ ਨਾਨਕ ਸਾਹਿਬ ਦੀ ਹਮਸਰੀ ਕਰਦੇ ਹਨ। ਸਰਬ ਕਲਾ ਸਮਰੱਥ ਗੁਰੂ ਨਾਨਕ ਨਿਰੰਕਾਰੀ ਹੀ ਕੇਵਲ ਐਸਾ ਸਮਰੱਥ ਗੁਰੂ ਹੈ, ਜੋ ਜਹਾਂ ਤਹਾਂ ਹਰ ਸਮੇਂ ਹਰ ਜਗ੍ਹਾ ਜ਼ਹੂਰ ਪਜ਼ੀਰ ਹੈ ਅਤੇ ਆਪਣੇ ਉੱਪਰ ਸ਼ਰਧਾ ਰਖਣ ਕਰਨ ਵਾਲੇ ਗੁਰਸਿੱਖਾਂ ਦੀ ਹਰ ਬਾਬ ਰਖਿਆ ਕਰਦਾ ਹੈ ਅਤੇ ਹਰ ਪ੍ਰਕਾਰ ਦੀ ਅਪਦਾ ਤੋਂ ਛੁਡਾਇ ਲੈਂਦਾ ਹੈ। ਉਹ ਲੋਕ ਬੜੇ ਹੀ ਭੁਲੇਖੇ ਵਿੱਚ ਹਨ ਜੋ ਗੁਰੂ ਨਾਨਕ ਸਾਹਿਬ ਨੂੰ ਦੂਰ ਜਾਣਦੇ ਹਨ ਅਤੇ ਹਾਜ਼ਰ ਹਜ਼ੂਰ ਨਹੀਂ ਮੰਨਦੇ। ਉਹ ਸਮਝਦੇ ਹਨ ਕਿ ਡਿੰਭਤਾ ਵਾਲੀ ਦੇਹ ਧਾਰਨ ਵਿੱਚ ਹੀ ਫ਼ਰਜ਼ੀ ਗੁਰੱਤਤਾ ਹੈ। ਇਹ ਤਿਨ੍ਹਾਂ ਦੀ ਸਮਝ ਨਹੀਂ, ਕੁਸਮਝ ਹੈ, ਜਿਸ ਦਾ ਪਾਜ ਅੰਤ ਕਾਲ ਉਘੜ ਜਾਣਾ ਹੈ ਅਤੇ ਉਘੜ ਕੇ ਰਹੇਗਾ।

ਇਕਾ ਬਾਣੀ ਇਕੁ ਗੁਰੁ ਇਕੋ ਸਬਦੁ ਵੀਚਾਰਿ ॥੨॥ (੧੦) ਵਾਰ ਸੋਰਠ ਮ: ੩, ਪੰਨਾ ੬੪੮ ਵਾਲੇ ਗੁਰਵਾਕ ਦੇ ਭਾਵ ਅਨੁਸਾਰ ਇਕ ਸਮੇਂ ਅੰਦਰਿ ਇਕੋ ਹੀ ਗੁਰੂ ਹੋ ਸਕਦਾ ਹੈ; ਉਹ ਵੀ ਓਹ ਗੁਰੂ, ਜਿਸਨੂੰ ਧੁਰ ਦਰਗਾਹੋਂ ਸ਼ਬਦ-ਵੀਚਾਰ੍ਰੀ ਦੇ ਅਭਿਆਸ ਦੀ ਸੱਚੀ ਦਾਤਿ ਮਿਲੀ ਹੋਵੇ। ਜਦੋਂ ਦੇਖੀਦਾ ਹੈ ਕਿ ਥਾਉਂ ਥਾਈਂ ਅਨੇਕਾਂ ਹੀ ਡਿੰਭੀ ਗੁਰੂਆਂ ਦੀ ਭਰਮਾਰ ਮਚੀ ਹੋਈ ਹੈ ਤਾਂ ਉਪਰਲੇ ਗੁਰਵਾਕ ਦੀ ਰੋਸ਼ਨੀ ਅੰਦਰ ਇਹ ਹੀ ਸੱਚੀ ਵੀਚਾਰ ਸਫੁਰਨ ਹੁੰਦੀ ਹੈ ਕਿ ਇਹ ਭਰਮਾਰ ਸਭ ਝੂਠੀ ਭਰਮਾਰ ਹੈ। ਗੁਰਬਾਣੀ ਅਨੁਸਾਰ ਸੱਚੀ ਗੁਰਮਤਿ ਇਹੋ ਦੱਸਦੀ ਹੈ ਕਿ ਇਕੋ ਗੁਰੂ, ਧੁਰੋਂ ਬਖ਼ਸ਼ਿਆ ਹੋਇਆ ਗੁਰੂ ਹੀ ਸੱਚਾ ਗੁਰੂ ਬਣ ਸਕਦਾ ਹੈ। ਇਹ ਸੱਚੇ ਗੁਰੂ


www.AKJ.Org

# ਬਾਬਾ ਨਾਨਕ ਤੇ ਪਾਪ ਦੀ ਜੰਞ ਨੂੰ ਵੰਗਾਰ

[ਡਾਕਟਰ ਤਾਰਨ ਸਿੰਘ ਜੀ]

ਪਾਪ ਕੀ ਜੰਞ ਲੈ ਕਾਬਲਹੁ ਧਾਇਆ ਜੋਰੀ ਮੰਗੈ ਦਾਨੁ ਵੇ ਲਾਲੋ ॥
ਸਰਮੁ ਧਰਮੁ ਦੁਇ ਛਪਿ ਖਲੋਏ ਕੂੜੁ ਫਿਰੈ ਪਰਧਾਨੁ ਵੇ ਲਾਲੋ ॥
ਕਾਜੀਆ ਬਾਮਣਾ ਕੀ ਗਲ ਥਕੀ ਅਗਦੁ ਪੜੈ ਸੈਤਾਨੁ ਵੇ ਲਾਲੋ ॥
ਮੁਸਲਮਾਨੀਆ ਪੜਹਿ ਕਤੇਬਾ ਕਸਟ ਮਹਿ ਕਰਹਿ ਖੁਦਾਇ ਵੇ ਲਾਲੋ ॥
ਜਾਤਿ ਸਨਾਤੀ ਹੋਰਿ ਹਿਦਵਾਣੀਆ ਏਹਿ ਭੀ ਲੇਖੈ ਲਾਇ ਵੇ ਲਾਲੋ ॥
ਖੂਨ ਕੇ ਸੋਹਿਲੇ ਗਾਵੀਅਹਿ ਨਾਨਕ ਰਤੁ ਕਾ ਕੁੰਗੂ ਪਾਇ ਵੇ ਲਾਲੋ ॥੧॥ (੭੨੨)

ਜਦੋਂ ਬਾਬਰ ਜਬਰ-ਧੱਕੇ ਨਾਲ ਹਿੰਦ-ਕੰਨਿਆ ਦਾ ਜੋਰੀ ਦਾਨ ਲੈਣ ਲਈ ਸੰਮਤ ੧੫੭੮ ਬਿਕਰਮੀ ਵਿਚ ਹਿੰਦੁਸਤਾਨ ਤੇ ਚੜ੍ਹ ਆਇਆ ਤੇ ਮਾਰੋ ਮਾਰ ਕਰਦਾ, ਹਿੰਦੂ ਮੁਸਲਮਾਨ ਇਸਤ੍ਰੀਆਂ ਦੀ ਬੇਪਤੀ ਕਰਦਾ, ਖ਼ੂਨ ਡੋਲ੍ਹਦਾ, ਰੱਤ ਦਾ ਦਰਿਆ ਵਗਾਉਂਦਾ, ਐਮਨਾਬਾਦ ਤੀਕ ਆ ਗਿਆ, ਤਾਂ ਅਗੋਂ ਸ਼ੇਰ-ਮਰਦ, ਮਰਦੇ-ਕਾਮਲ, ਗੁਰੂ ਨਾਨਕ ਨੇ ਸਿੰਘ-ਗਰਜ ਵਿਚ ਉਸ ਨੂੰ ਲਲਕਾਰਿਆ ਕਿ ਐ ਬਾਬਰ, ਤੂੰ ਉਸ ਜੁੰਡਲੀ-ਜੰਞ ਦਾ ਲਾੜਾ ਹੈਂ ਜੋ ਪਾਪ ਤੇ ਅਤਿਆਚਾਰ ਕਮਾਣ ਲਈ ਕਾਬਲਹੁ ਉਠ ਤੁਰੀ ਹੈ। ਇਹ ਸ਼ੈਤਾਨੀ-ਜੰਞ ਹੈ ਅਤੇ ਇਸ ਦਾ ਕਰਤਵ ਇਸਤ੍ਰੀਆਂ ਦੀ ਬੇਪਤੀ ਕਰਨ ਦੀ ਸ਼ੈਤਾਨੀਅਤ ਹੈ, ਇਹ ਜੰਞ ਭਾਰਤੀ ਖ਼ੂਨ ਵਿਚ ਨਹਾਉਣ ਲਈ ਤੁਰੀ ਹੈ। ਐ ਬਾਬਰ, ਸੰਭਲ ਜਾ, ਭਾਰਤ ਦਾ ਗੁਰੂ ਤੈਨੂੰ ਫਿਰ ਵੰਗਾਰਦਾ ਹੈ।

ਐ ਬਾਬਰ, ਤੇਰਾ ਧਿਆਨ ਮੈਂ ਉਸ ਹਸ਼ਰ ਵਲ ਲਿਜਾਣਾ ਚਾਹੁੰਦਾ ਹਾਂ, ਜੋ ਤੇਰੇ ਨਾਲ ਵਾਪਰਨ ਵਾਲਾ ਹੈ ਤੇ ਭਾਰਤ ਵਿਚ 'ਮਰਦ ਕਾ ਚੇਲਾ' ਉਠਣ ਵਾਲਾ ਹੈ, ਜਿਸ ਨੇ ਤੇਰੇ ਜਰਵਾਣਾ ਯਤਨਾਂ ਨੂੰ ਪਾਸ਼ ਪਾਸ਼ ਕਰ ਦੇਣਾ ਹੈ—

ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (੭੨੩)

ਮੈਂ ਤੇਰੇ ਸਾਹਮਣੇ ਖੜਾ ਹਾਂ, ਤੇਰੀਆਂ ਸ਼ੈਤਾਨੀਆਂ ਦਾ ਭਾਂਡਾ ਚੁਰਾਹੇ ਵਿਚ ਫੋੜ ਰਿਹਾ ਹਾਂ, ਤੇਰੇ ਸਾਹਮਣੇ ਦੱਸ ਰਿਹਾ ਹਾਂ ਕਿ ਤੂੰ ਸ਼ੈਤਾਨੀ-ਪਾਪ ਦੀ ਜੰਞ ਦਾ ਲਾੜਾ ਹੈਂ, ਬਾਦਸ਼ਾਹ ਸ਼ਹਿਨਸ਼ਾਨ ਜਾਂ ਜੇਤੂ ਨਹੀਂ ਹੈਂ।

ਐ ਬਾਬਰ, ਮੇਰੀ ਵੀ ਕੋਈ ਹਸਤੀ ਨਹੀਂ ਹੈ, ਮੈਂ ਵੀ ਖਸਮ-ਪ੍ਰਭੂ ਦਾ ਗ਼ੁਲਾਮ ਹਾਂ, ਤੈਨੂੰ ਮਾਲਕ-ਪ੍ਰਭੂ ਨੇ ਜਬਰ ਲਈ ਭੇਜਿਆ ਹੈ, ਮੈਨੂੰ ਤੇਰੇ ਜਬਰ ਨੂੰ ਸਬਰ ਨਾਲ ਵੰਗਾਰਨ ਲਈ ਘਲਿਆ ਹੈ। ਤੇਰੇ ਭਲੇ ਲਈ ਮੈਂ ਉਸ ਮਾਲਕ ਦੀ ਆਵਾਜ਼ ਤੈਨੂੰ ਪਹੁੰਚਾ ਰਿਹਾ ਹਾਂ —

ਜੈਸੀ ਮੈ ਆਵੈ ਖਸਮ ਕੀ ਬਾਣੀ ਤੈਸੜਾ ਕਰੀ ਗਿਆਨੁ ਵੇ ਲਾਲੋ ॥

---

☬ ਦੀ ਇਲਾਹੀ ਦਾਤਿ ਸਦ ਸਦੀਵ ਲਈ ਗੁਰੂ ਨਾਨਕ ਨਿਰੰਕਾਰੀ ਨੂੰ ਹੀ ਧੁਰ ਦਰਗਾਹੋਂ ਨਸੀਬ ਹੋਈ। ਹੋਰ ਕਿਸੇ ਵੀ ਵਡ-ਅਡੰਬਰੀ ਡਿੰਭੀ ਨੂੰ ਨਸੀਬ ਨਹੀਂ ਹੋ ਸਕਦੀ। ਇਕ ਤੋਂ ਅਨੇਕ ਡਿੰਭੀ ਗੁਰੂ ਸਦਾਵਣ ਵਾਲੇ ਸਭ ਝੂਠੇ ਅਤੇ ਅਡੰਬਰੀ ਹੀ ਹਨ। ਇਨ੍ਹਾਂ ਅਨੇਕ ਅਡੰਬਰ-ਸਾਜ਼ੀ ਡਿੰਭੀਆਂ ਵਿੱਚੋਂ ਕਿਸ ਕਿਸ ਨੂੰ ਗੁਰੂ ਸਮਝਿਆ ਜਾਏ! ਕਈ ਤਾਂ ਅਜਿਹੇ ਅਡੰਬਰੀ ਭੀ ਹਨ, ਜੋ ਸਤਿਗੁਰੂ ਦੀ ਰੀਸੇ ਕਚ ਪਿਚ ਬੋਲ ਕੇ ਬਾਹਰਲੀ ਕੱਚੀ ਬਾਣੀ ਬਣਾਉਣ ਦਾ ਢਕੋਂਸਲਾ ਭੀ ਰਚਦੇ ਹਨ। ਪਰ ਏਸ ਗੁਰਵਾਕ ਅਨੁਸਾਰ ਉਨ੍ਹਾਂ ਦਾ ਢਕੋਂਸਲਾ ਸਿਰੇ ਨਹੀਂ ਚੜ੍ਹਦਾ:—

ਸਤਿਗੁਰ ਕੀ ਰੀਸੈ ਹੋਰਿ ਕਚੁ ਪਿਚੁ ਬੋਲਦੇ ਸੇ ਕੂੜਿਆਰ ਕੂੜੇ ਝੜਿ ਪੜੀਐ ॥੯॥

ਗਉੜੀ ਕੀ ਵਾਰ ਮ: ੪, ਪੰਨਾ ੩੦੪

[ਪੁਸਤਕ 'ਗੁਰਮਤਿ ਪ੍ਰਕਾਸ਼' ਵਿਚੋਂ



www.AKJ.Org

ਮੈਂ ਆਵਾਜ਼ੇ-ਹੱਕ ਤੈਨੂੰ ਸਦਾ ਰਿਹਾ ਹਾਂ—ਹੁਣ ਹੀ ਸੱਚ ਸੁਨਣ ਦਾ ਵੇਲਾ ਹੈ, ਹੁਣ ਹੀ ਕਹਿ ਰਿਹਾ ਹਾਂ :

ਸਾਹਿਬ ਕੇ ਗੁਣ ਨਾਨਕੁ ਗਾਵੈ ਮਾਸਪੁਰੀ ਵਿਚਿ ਆਖੁ ਮਸੋਲਾ ॥
ਜਿਨਿ ਉਪਾਈ ਰੰਗਿ ਰਵਾਈ ਬੈਠਾ ਵੇਖੈ ਵਖਿ ਇਕੇਲਾ ॥
ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥
ਕਾਇਆ ਕਪੜੁ ਟੁਕੁ ਟੁਕੁ ਹੋਸੀ ਹਿੰਦੁਸਤਾਨੁ ਸਮਾਲਸੀ ਬੋਲਾ ॥
ਆਵਨਿ ਅਠਤਰੈ ਜਾਨਿ ਸਤਾਨਵੈ ਹੋਰੁ ਭੀ ਉਠਸੀ ਮਰਦ ਕਾ ਚੇਲਾ ॥
ਸਚ ਕੀ ਬਾਣੀ ਨਾਨਕੁ ਆਖੈ ਸਚੁ ਸੁਣਾਇਸੀ ਸਚ ਕੀ ਬੇਲਾ ॥੨॥੩॥੫॥ (੭੨੨-੨੩)

ਬਾਬਰਵਾਣੀ ਫਿਰ ਗਈ, ਜਰਵਾਣਿਆਂ ਦਾ ਜਬਰ ਜਾਰੀ ਰਿਹਾ, ਕਤਲੋ-ਗਾਰਤ ਹੁੰਦਾ ਰਿਹਾ, ਹਿੰਦੁਸਤਾਨ ਬਰਬਾਦ ਹੁੰਦਾ ਰਿਹਾ, ਹਿੰਦੁਸਤਾਨੀ ਇਸਤ੍ਰੀਆਂ ਦੀ ਅਸਮਤ ਲੁਟੀਂਦੀ ਰਹੀ, ਹਿੰਦੁਸਤਾਨੀ ਗਭਰੂ ਮਰਦੇ ਰਹੇ, ਹਿੰਦੁਸਤਾਨੀ ਧਨ-ਦੌਲਤ ਲੁਟਿਆ ਪੁਟਿਆ ਗਿਆ, ਤਾਂਡਵ ਨਾਚ ਨਚਿਆ ਜਾਂਦਾ ਰਿਹਾ ਤੇ ਬਾਬੇ ਨਾਨਕ ਦੇ ਅੱਥਰੂ ਉਸ ਦੇ ਵਹਿਣ ਵਿਚ ਵਗਦੇ ਰਹੇ। ਉਸ ਨੂੰ ਸਭ ਤੋਂ ਵਧ ਦੁਖ ਆਪਣੀਆਂ ਬੱਚੀਆਂ ਦੀ ਅਸਮਤ ਲੁਟੇ ਜਾਣ ਦਾ ਹੋਇਆ। ਹਿੰਦੂ ਮੁਸਲਮਾਨ, ਊਚ ਨੀਚ, ਸਭ ਉਸ ਦੀਆਂ ਬੱਚੀਆਂ ਹਨ—ਬਾਬੇ ਦੀਆਂ ਆਹਾਂ ਨਿਕਲੀਆਂ। ਉਸ ਨੂੰ ਯਾਦ ਆਇਆ ਕਿ ਹਿੰਦ ਦੀਆਂ ਧੀਆਂ ਸ਼ਹਿਜ਼ਾਦੀਆਂ ਸਨ, ਇਹ ਡੋਲੀਆਂ ਵਿਚ ਚੜ੍ਹ ਕੇ ਆਈਆਂ ਸਨ, ਇਨ੍ਹਾਂ ਨੇ ਦੰਦ-ਖੰਡ ਦੇ ਅਮੋਲਕ ਚੂੜੇ ਚਾੜ੍ਹੇ ਹੋਏ ਸਨ, ਇਨ੍ਹਾਂ ਤੋਂ ਪਾਣੀ ਵਾਰ ਵਾਰ ਕੇ ਪੀਤੇ ਗਏ ਸਨ, ਇਨ੍ਹਾਂ ਨੂੰ ਸ਼ਗਨ ਪਾਏ ਜਾ ਰਹੇ ਸਨ, ਇਨ੍ਹਾਂ ਦੇ ਸਾਲੂਆਂ ਨਾਲ ਮੋਤੀਆਂ ਦੀਆਂ ਲੜੀਆਂ ਝਿਮ ਝਿਮ ਕਰਦੀਆਂ ਸਨ :

ਜਦਹੁ ਸੀਆ ਵੀਆਹੀਆ ਲਾੜੇ ਸੋਹਨਿ ਪਾਸਿ ॥ ਹੀਡੋਲੀ ਚੜਿ ਆਈਆ ਦੰਦਖੰਡ ਕੀਤੇ ਰਾਸਿ ॥
ਉਪਰਹੁ ਪਾਣੀ ਵਾਰੀਐ ਝਲੇ ਝਿਮਕਨਿ ਪਾਸਿ ॥੨॥ ਇਕੁ ਲਖੁ ਲਹਨਿ੍ ਬਹਿਠੀਆ ਲਖੁ ਲਹਨਿ ਖੜੀਆ ॥
ਗਰੀ ਛੁਹਾਰੇ ਖਾਂਦੀਆ ਮਾਣਨਿ੍ ਸੇਜੜੀਆ ॥ ਤਿਨ੍ ਗਲਿ ਸਿਲਕਾ ਪਾਈਆ ਤੁਟਨਿ੍ ਮੋਤਸਰੀਆ॥੩॥੧੧॥(੪੧੭)

ਬਾਬੇ ਨੇ ਕੀਰਨੇ ਪਾਏ ਕਿ ਮੇਰੀਆਂ ਸ਼ਹਿਜ਼ਾਦੀਆਂ ਬੱਚੀਆਂ ਦੀ ਬਾਬਰੀ ਜਬਰ ਨੇ ਕੀ ਦਸ਼ਾ ਕਰ ਦਿਤੀ ਹੈ, ਇਨ੍ਹਾਂ ਦੀ ਪਤ ਗਵਾਈ ਜਾ ਰਹੀ ਹੈ, ਇਜ਼ਤ ਲੁਟੀ ਜਾ ਰਹੀ ਹੈ, ਇਹ ਹਿੰਦੀ ਇਜ਼ਤ ਹੈ, ਧਨ ਜੋਬਨ ਵੈਰੀ ਹੋ ਨਿਬੜੇ ਹਨ :

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥੪॥ (੪੧੭)

ਮੇਰੀਆਂ ਬੱਚੀਆਂ ਦੀ ਮਾਂਗ ਲੁਟੀ ਗਈ, ਉਨ੍ਹਾਂ ਦੇ ਸਿਰ ਮੁੰਨੇ ਗਏ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨਿ੍ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨਿ ਹਦੂਰਿ ॥੧॥ (੪੧੭)

ਹਿੰਦ ਦੀਆਂ ਬੱਚੀਆਂ ਦੇ ਬੁਰਕੇ ਬਾਬਰੀ-ਜਬਰ ਨੇ ਲੀਰੋ ਲਾਰ ਕਰ ਦਿਤੇ। ਹਿੰਦੂ ਬੱਚੀਆਂ ਦਾ ਵੀ ਇਹੋ ਹਾਲ ਹੋਇਆ।

ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥
ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥੬॥ (੪੧੮)

ਬਾਬਰਵਾਣੀ ਮੱਚ ਰਹੀ ਸੀ। ਹਿੰਦ ਦੀ ਬੇਪਤੀ ਹੋ ਰਹੀ ਸੀ। ਹਿੰਦੀ ਬੱਚੀਆਂ ਤੇ ਸਭ ਤੋਂ ਵਧ ਕਸ਼ਟ ਆਇਆ। ਪਰ ਹਿੰਦੀ ਮਾਲ-ਧਨ, ਘਰ-ਬਾਰ, ਜੋਧੇ-ਗਭਰੂ ਵੀ ਬੁਰੀ ਤਰ੍ਹਾਂ ਨਾਸ਼ ਹੋਏ ਤੇ ਹਿੰਦੀ ਐਸ਼ਵਰਜ ਛਾਈ ਮਾਈਂ ਹੋ ਗਿਆ। ਬਾਬੇ ਨੂੰ ਇਸ ਦਾ ਵੀ ਵੱਡਾ ਦੁਖ ਹੋਇਆ, ਉਸ ਨੇ ਅਲਾਪਿਆ :



www.AKJ.Org

ਕਹਾ ਸੁ ਖੇਲ ਤਬੇਲਾ ਘੋੜੇ ਕਹਾ ਭੇਰੀ ਸਹਨਾਈ ॥
ਕਹਾ ਸੁ ਤੇਗਬੰਦ ਗਾਡੇਰੜਿ ਕਹਾ ਸੁ ਲਾਲ ਕਵਾਈ ॥
ਕਹਾ ਸੁ ਆਰਸੀਆ ਮੁਹ ਬੰਕੇ ਐਥੈ ਦਿਸਹਿ ਨਾਹੀ ॥੧॥ (੪੧੭)

ਉਸ ਨੇ ਦੇਖਿਆ ਕਿ ਘਰ, ਦਰ, ਮੰਡਪ, ਮਹਲ, ਸਰਾਈਂ, ਹਰਮ, ਸਭ ਤਬਾਹ ਹੋ ਚੁਕੇ ਹਨ, ਸਾੜ-ਫੂਕ ਦਿਤੇ ਗਏ ਹਨ-:

ਕਹਾਂ ਸੁ ਘਰ ਦਰ ਮੰਡਪ ਮਹਲਾ ਕਹਾ ਸੁ ਬੰਕ ਸਰਾਈ ॥
ਕਹਾਂ ਸੁ ਸੇਜ ਸੁਖਾਲੀ ਕਾਮਣਿ ਜਿਸੁ ਵੇਖਿ ਨੀਦ ਨ ਪਾਈ ॥
ਕਹਾਂ ਸੁ ਪਾਨ ਤੰਬੋਲੀ ਹਰਮਾ ਹੋਈਆ ਛਾਈ ਮਾਈ ॥੨॥ (੪੧੭)

ਵਸਦਾ-ਰਸਦਾ ਹਿੰਦ ਤਬਾਹ ਹੋ ਚੁਕਾ ਸੀ। ਬਾਬਾ ਪੁਛਦਾ ਹੈ ਕਿ ਉਹ ਤਬੇਲੇ, ਘੋੜੇ, ਫੌਜਾਂ, ਸਿਪਾਹੀ, ਬਾਂਕੇ ਗਭਰੂ, ਸੋਹਣੇ ਘਰ, ਐਸ਼ਵਰਜ ਕਿਵੇਂ ਛਾਈਂ ਮਾਈਂ ਹੋ ਗਏ ਹਨ ?

ਬਾਬੇ ਨਾਨਕ ਨੇ ਬਾਬਰਵਾਣੀ ਦੁਆਰਾ ਹੋਈ ਦੁਰਦਸ਼ਾ ਦੇਖੀ, ਉਸ ਨੇ ਕੀਰਨੇ ਪਾਏ, ਖ਼ੂਨ ਦੇ ਸੋਹਿਲੇ ਗਾਏ, ਪਰ ਫਿਰ ਉਹ ਗੰਭੀਰ ਹੋ ਕੇ ਵੀਚਾਰਵਾਨ ਹੋਇਆ, ਉਸ ਨੇ ਇਸ ਨਾਟਕ ਦਾ ਭੇਦ ਜਾਣਿਆ, ਇਸ ਹੋਣੀ ਦੇ ਕਾਰਨਾਂ ਨੂੰ ਸਮਝਿਆ, ਇਸ ਹੋਣ ਦੀ ਜ਼ਿਮੇਂਵਾਰੀ ਨਿਸਚਿਤ ਕੀਤੀ। ਉਸ ਨੇ *ਸਮਝਣ ਦਾ ਯਤਨ ਕੀਤਾ ਕਿ ਹਿੰਦ ਕਿਉਂ ਹਾਰਿਆ, ਹਿੰਦ ਕਿਉਂ ਤਬਾਹ ਹੋਇਆ, ਹਿੰਦ ਕਿਉਂ ਜਰਵਾਣਿਆਂ ਦਾ ਟਾਕਰਾ ਨਾ ਕਰ ਸਕਿਆ ?

ਹੁਕਮ-ਰਜ਼ਾ ਦੇ ਘਰ ਵਿਚ ਹੋ ਕੇ ਬਾਬੇ ਨੇ ਦੇਖਿਆ ਕਿ ਬਾਬਰ-ਵਾਣੀ ਦਾ ਸਾਰਾ ਨਾਟਕ ਇਕ ਨਾਟਕ ਹੀ ਹੈ ਅਤੇ ਇਸ ਦਾ ਨਾਟਕਕਾਰ, ਨਿਰਦੇਸ਼ਕ ਤੇ ਕਰਤਾ ਪਰਮੇਸ਼ਰ ਆਪ ਹੀ ਹੈ, ਕਿਉਂਕਿ 'ਜੋ ਤਿਸੁ ਭਾਵੈ ਸੋ ਥੀਐ ਨਾਨਕ ਕਿਆ ਮਾਨੁਖ (੪੧੭)।' ਉਸ ਨੂੰ ਹੀ ਆਦੇਸ਼ ਕਰਨਾ ਬਣਦਾ ਹੈ :

ਆਦੇਸੁ ਬਾਬਾ ਆਦੇਸੁ ॥
ਆਦਿ ਪੁਰਖ ਤੇਰਾ ਅੰਤੁ ਨ ਪਾਇਆ ਕਰਿ ਕਰਿ ਦੇਖਹਿ ਵੇਸ ॥੧॥ਰਹਾਉ॥ (੪੧੭)

ਉਹ ਘੜੀ ਵਿਚ ਥਾਪ-ਉਥਾਪ ਕਰ ਦਿੰਦਾ ਹੈ ਤੇ ਬਾਬਰਵਾਣੀ ਦਾ ਨਾਟਕ ਰਚਾ ਦਿੰਦਾ ਹੈ, ਹੁਕਮ ਅੰਦਰ ਹੈ, ਸਭ ਕੁਝ :

ਇਹੁ ਜਗੁ ਤੇਰਾ, ਤੂ ਗੁਸਾਈ ॥
ਏਕ ਘੜੀ ਮਹਿ ਥਾਪਿ ਉਥਾਪੇ, ਜਰੁ ਵੰਡਿ ਦੇਵੈ ਭਾਂਈ ॥੧॥ਰਹਾਉ॥ (੪੧੭)

ਇਹ ਸਭ ਕੁਝ ਉਸ ਪ੍ਰਭੂ ਦੇ ਭਾਣੇ ਅੰਦਰ ਵਾਪਰਦਾ ਹੈ—

ਆਪੇ ਕਰੇ ਕਰਾਏ ਕਰਤਾ ਕਿਸ ਨੋ ਆਖਿ ਸੁਣਾਈਐ ॥
ਦੁਖੁ ਸੁਖੁ ਤੇਰੈ ਭਾਣੈ ਹੋਵੈ ਕਿਸਥੈ ਜਾਇ ਰੂਆਈਐ ॥
ਹੁਕਮੀ ਹੁਕਮਿ ਚਲਾਏ ਵਿਗਸੈ ਨਾਨਕ ਲਿਖਿਆ ਪਾਈਐ ॥੧੨॥ (੪੧੮)

ਇਹ ਸਭ ਕੁਝ ਹੈ ਭਾਣੇ ਵਿਚ, ਪਰ ਭਾਣਾ ਸੱਚੇ ਤਪਾਵਸ ਤੇ ਨਿਆਂ ਅਨੁਸਾਰ ਕੰਮ ਕਰਦਾ ਹੈ, ਪ੍ਰਭੂ ਦੇ ਘਰ ਅਨਿਆਂ ਨਹੀਂ ਹੈ :

ਸਚਾ ਸੋ ਸਾਹਿਬੁ ਸਚੁ ਤਪਾਵਸੁ ਸਚੜਾ ਨਿਆਉ ਕਰੇਗੁ ਮਸੋਲਾ ॥

ਬਾਬਾ ਸੋਚਦਾ ਹੈ, ਬਾਬਰਵਾਣੀ ਫਿਰੀ ਹੈ, ਕਤਲੋ-ਗ਼ਾਰਤ ਹੋਇਆ ਹੈ, ਪਰ ਹੋਇਆ ਸਭ ਭਾਣੇ ਤੇ ਹੁਕਮ ਵਿਚ ਹੈ; ਹੋਇਆ ਪੂਰਾ ਨਿਆਂ ਹੈ, ਤਪਾਵਸ ਮੁਕੰਮਲ ਹੈ। ਤਪਾਵਸ ਇਸ ਲਈ ਮੁਕੰਮਲ ਹੈ ਕਿ ਇਸ ਦੁਰਦਸ਼ਾ ਤੇ ਹੋਣੀ ਲਈ ਹਿੰਦੀਆਂ ਦੀ ਆਪਣੀ ਰਹਿਣੀ-ਬਹਿਣੀ, ਕਰਨੀ-ਧਰਨੀ, ਰਾਜਸੀ ਆਤਮਕ-ਦਸ਼ਾ ਹੀ

* ਲੋਕ ਪਰਲੋਕ ਦਾ ਦਾਨੀ ਸਤਿਗੁਰੂ ਸਦਾ ਹੀ; ਸਭ ਕੁਝ ਜਾਣਦਾ ਬੁਝਦਾ, ਸਮਝਦਾ ਹੈ।

—ਸੰਪਾਦਕ


www.AKJ.Org

ਜ਼ਿੰਮੇਵਾਰ ਸੀ। ਬਾਬੇ ਨੇ ਗੰਭੀਰਤਾ ਨਾਲ ਇਨ੍ਹਾਂ ਸਾਰੇ ਕਾਰਨਾਂ ਨੂੰ ਆਪਣੀ ਰਚਨਾ 'ਬਾਬਰਵਾਣੀ' ਵਿਚ ਦਸਿਆ, ਮਜ਼ਲੂਮਾਂ ਦੀ ਪੂਰੀ ਤਸੱਲੀ ਕਰਾਈ ਹੈ, ਅਗੋਂ ਲਈ ਰਹਿਣੀ-ਸਹਿਣੀ ਵਿਚ ਸੁਚੇਤ ਰਹਿਣ ਦੀ ਚਿਤਾਵਨੀ ਦਿਤੀ ਹੈ। ਬਾਬੇ ਨੇ ਸਪਸ਼ਟ ਕੀਤਾ ਕਿ ਬਾਬਰਵਾਣੀ ਇਸ ਕਰਕੇ ਵਾਪਰੀ ਹੈ ਕਿ ਹਿੰਦ ਵਿਚ ਹਰ ਤਰ੍ਹਾਂ ਦੀ ਗਿਰਾਵਟ ਆਈ, ਕਮਜ਼ੋਰੀ ਆਈ।

ਆਓ ਦੇਖੀਏ, ਕਿਵੇਂ ਬਾਬੇ ਨੇ ਸਾਡੀ ਦੁਰਦਸ਼ਾ ਦੇ ਕਾਰਨ ਦਸੇ ਹਨ ਤੇ ਕਿਵੇਂ ਸਾਨੂੰ ਹੀ ਆਪਣੀ ਦੁਰਦਸ਼ਾ ਦਾ ਜ਼ਿੰਮੇਵਾਰ ਠਹਿਰਾਇਆ ਹੈ ? ਕਿਸੇ ਵੀ ਦੇਸ਼ ਦੀ ਦੁਰਦਸ਼ਾ ਦਾ ਕਾਰਨ ਕਮਜ਼ੋਰੀ ਹੁੰਦੀ ਹੈ, ਜੋ ਦੇਸ਼-ਵਾਸੀਆਂ ਦੇ ਐਸ਼ੋ-ਇਸ਼ਰਤ ਵਿਚ ਲਗ ਜਾਣ ਨਾਲ ਅਤੇ ਮਾਲਕ-ਪ੍ਰਭੂ ਨੂੰ ਭੁਲਾ ਦੇਣ ਨਾਲ ਪੈਦਾ ਹੁੰਦੀ ਹੈ। ਧਨ ਅਤੇ ਜੋਬਨ ਦੇ ਮਦ ਵਿਚ ਮਨੁਖ ਨੂੰ ਮਾਲਕ-ਪ੍ਰਭੂ ਦੀ ਹੋਸ਼ ਨਹੀਂ ਰਹਿ ਜਾਂਦੀ ਅਤੇ ਉਹ ਖਰਮਸਤੀਆਂ ਵਿਚ ਪੈ ਕੇ ਦੁਖੀ ਹੁੰਦੇ ਹਨ।

(੧) ਸੋ ਬਾਬੇ ਨੇ ਉਸ ਸਮੇਂ ਦੀ ਭਾਰਤੀ ਦੁਰਦਸ਼ਾ ਦਾ ਪਹਿਲਾ ਕਾਰਨ ਇਹੋ ਨਿਸਚਿਤ ਕੀਤਾ ਕਿ ਹਿੰਦ-ਵਾਸੀ ਪਰਮਾਤਮਾ ਨੂੰ ਭੁਲਾ ਕੇ ਐਸ਼ੋ-ਇਸ਼ਰਤ ਅਤੇ ਭੋਗਾਂ ਵਿਚ ਲਗ ਗਏ, ਉਹ ਸਿਥਲ ਹੁੰਦੇ ਗਏ, ਉਹ ਨਿਰਬਲ, ਨਿਰਉਤਸ਼ਾਹਤ ਹੁੰਦੇ ਗਏ। ਰੰਗ-ਤਮਾਸ਼ਿਆਂ ਦੇ ਚਾਉ ਨੇ ਹਿੰਦ-ਵਾਸੀਆਂ ਨੂੰ ਦੇਸ਼-ਰਖਿਆ ਵਲੋਂ ਅਵੇਸਲਾ ਕੀਤਾ ਹੋਇਆ ਸੀ ਤੇ ਜਾਬਰ ਦੇ ਹੱਲੇ ਦੀ ਉਹ ਕਿਵੇਂ ਤਾਬ ਲਿਆ ਸਕਦੇ ਸਨ। ਉਨ੍ਹਾਂ ਦੀ ਦਸ਼ਾ ਇਹੋ ਹੋਣੀ ਸੀ ਤੇ ਹੋਈ। ਹੋਇਆ ਇਹ :

ਧਨੁ ਜੋਬਨੁ ਦੁਇ ਵੈਰੀ ਹੋਏ ਜਿਨ੍ਹੀ ਰਖੇ ਰੰਗੁ ਲਾਇ ॥
ਦੂਤਾ ਨੋ ਫੁਰਮਾਇਆ ਲੈ ਚਲੇ ਪਤਿ ਗਵਾਇ ॥
ਜੇ ਤਿਸੁ ਭਾਵੈ ਦੇ ਵਡਿਆਈ, ਜੇ ਭਾਵੈ ਦੇਇ ਸਜਾਇ ॥੪॥ (੪੧੭)

ਤੇ ਹੋਇਆ ਇਹ :

ਜਿਨ ਸਿਰਿ ਸੋਹਨਿ ਪਟੀਆ ਮਾਂਗੀ ਪਾਇ ਸੰਧੂਰੁ ॥
ਸੇ ਸਿਰ ਕਾਤੀ ਮੁੰਨੀਅਨ੍ਹਿ ਗਲ ਵਿਚਿ ਆਵੈ ਧੂੜਿ ॥
ਮਹਲਾ ਅੰਦਰਿ ਹੋਦੀਆ ਹੁਣਿ ਬਹਣਿ ਨ ਮਿਲਨ੍ਹਿ ਹਦੂਰਿ ॥੧॥

ਐਸ਼ ਵਿਚ ਯਾਦੇ-ਖ਼ੁਦਾ ਨਹੀਂ ਹੁੰਦੀ, ਤੇ ਯਾਦੇ-ਖ਼ੁਦਾ ਨਾ ਹੋਣ ਨਾਲ ਸਾਰੇ ਔਗੁਣ ਅੰਦਰ ਧਾ ਵੜਦੇ ਹਨ ਤੇ ਸਦਾਚਾਰ ਨਾਸ਼ ਹੋ ਜਾਂਦਾ ਹੈ। ਸਦਾਚਾਰ ਦੀ ਅਣਹੋਂਦ ਹੀ ਕੌਮ ਦੀ ਸਭ ਤੋਂ ਵੱਡੀ ਕਮਜ਼ੋਰੀ ਹੁੰਦੀ ਹੈ। ਇਹੋ ਹਿੰਦ-ਵਾਸੀਆਂ ਦੀ ਦਸ਼ਾ ਸੀ ਜਿਸ ਕਰਕੇ ਉਹ ਬਾਬਰੀ ਹੱਲੇ ਦੀ ਤਾਬ ਨਾ ਲਿਆ ਸਕੇ। ਇਹ ਪ੍ਰਭੂ ਨੂੰ ਭੁਲਾ ਦੇਣ ਦੀ ਸਜ਼ਾ ਹੈ :

ਅਗੋ ਦੇ ਜੇ ਚੇਤੀਐ ਤਾਂ ਕਾਇਤੁ ਮਿਲੈ ਸਜਾਇ ॥
ਸਾਹਾਂ ਸੁਰਤਿ ਗਵਾਈਆ ਰੰਗਿ ਤਮਾਸੈ ਚਾਇ ॥
ਬਾਬਰਵਾਣੀ ਫਿਰਿ ਗਈ ਕੁਇਰੁ ਨ ਰੋਟੀ ਖਾਇ ॥੫॥

ਅਤੇ— ਇਕਨਾ ਵਖਤ ਖੁਆਈਅਹਿ ਇਕਨਾ ਪੂਜਾ ਜਾਇ ॥
ਚਉਕੇ ਵਿਣੁ ਹਿੰਦਵਾਣੀਆ ਕਿਉ ਟਿਕੇ ਕਢਹਿ ਨਾਇ ॥
ਰਾਮੁ ਨ ਕਬਹੂ ਚੇਤਿਓ ਹੁਣਿ ਕਹਣਿ ਨ ਮਿਲੈ ਖੁਦਾਇ ॥੬॥ (੪੧੭)

ਪ੍ਰਭੂ-ਸਿਮਰਨ ਤੋਂ ਅਵੇਸਲੇ ਹੋਣ ਨਾਲ, ਐਸ਼ੋ-ਇਸ਼ਰਤ ਵਿਚ ਲਗਣ ਨਾਲ ਸਦਾਚਾਰ ਕਮਜ਼ੋਰ ਹੋ ਜਾਣ ਨਾਲ ਦੇਸ਼ ਕਮਜ਼ੋਰ ਹੋਇਆ ਸੀ। ਤੇ ਬਾਬਰਵਾਣੀ ਦਾ ਸ਼ਿਕਾਰ ਹੋਇਆ ਸੀ।

ਇਹ ਰੰਗ-ਤਮਾਸ਼ੇ, ਐਸ਼ੋ-ਇਸ਼ਰਤ ਦੀ ਦੌੜ ਐਸ਼ਵਰਜ ਤੇ ਧਨ-ਸੰਪਦਾ ਨਾਲ ਅਰੰਭ ਹੁੰਦੀ ਹੈ। ਧਨ ਵੰਡੀਆਂ ਪਾ ਦਿੰਦਾ ਹੈ, ਦੇਸ਼-ਵਾਸੀ ਵੰਡੇ ਜਾਂਦੇ ਹਨ, ਧਨ ਵਾਲੇ ਹੋਰ ਪਾਸੇ, ਨਿਰਧਨ ਹੋਰ ਪਾਸੇ, ਬਸ ਦੇਸ਼



www.AKJ.Org

ਕਮਜ਼ੋਰ ਹੋ ਜਾਂਦੇ ਹਨ; ਰਾਜੇ ਹੋਰ ਪਾਸੇ, ਰਈਅਤ ਹੋਰ ਪਾਸੇ; ਅਮੀਰ ਹੋਰ ਪਾਸੇ, ਗਰੀਬ ਹੋਰ ਪਾਸੇ। ਫਿਰ ਧਨ ਪਾਪ ਨਾਲ ਪੈਦਾ ਹੁੰਦਾ ਹੈ, ਤੇ ਪਾਪ ਸਦਾਚਾਰ ਨੂੰ ਕਮਜ਼ੋਰ ਕਰਦਾ ਹੈ। ਧਨਾਢ ਪਾਪ ਆਪਣੇ ਹੀ ਭਰਾਵਾਂ ਦੇਸ਼-ਵਾਸੀਆਂ ਵਿਰੁਧ ਕਰਦੇ ਹਨ। ਬਾਬਰਵਾਣੀ ਦੇ ਸਮੇਂ ਇਹੋ ਦਸ਼ਾ ਸੀ :

ਇਸੁ ਜਰ ਕਾਰਣਿ ਘਣੀ ਵਿਗੁਤੀ ਇਨਿ ਜਰ ਘਣੀ ਖੁਆਈ ॥
ਪਾਪਾਂ ਬਾਝਹੁ ਹੋਵੈ ਨਾਹੀ ਮੁਇਆ ਸਾਥਿ ਨ ਜਾਈ ॥
ਜਿਸ ਨੋ ਆਪਿ ਖੁਆਏ ਕਰਤਾ ਖੁਸਿ ਲਏ ਚੰਗਿਆਈ ॥ (੪੧੭)

ਕੌਮ ਵਿਚੋਂ ਚੰਗਿਆਈ ਨਾਸ਼ ਹੋ ਗਈ ਸੀ, ਉਸ ਨੇ ਆਪੇ ਹੀ ਕਮਜ਼ੋਰ ਹੋਣਾ ਸੀ। ਬਾਬਰਵਾਣੀ ਨੇ ਚੰਗਿਆਈ-ਹੀਣ ਕੌਮ ਨੂੰ ਨਾਸ਼ ਕਰ ਹੀ ਦੇਣਾ ਸੀ, ਐਸਾ ਹੀ ਹੋਇਆ।

(੨) ਬਾਬਰਵਾਣੀ ਦੀ ਤਾਬ ਨਾ ਲਿਆ ਸਕਣ ਦਾ ਦੂਜਾ ਵਡਾ ਕਾਰਨ ਬਾਬੇ ਨੇ ਇਹ ਦਸਿਆ ਹੈ : ਧਰਮ ਅਲੋਪ ਹੋ ਚੁਕਾ ਸੀ, ਹਿੰਦ-ਵਾਸੀ ਐਸੀ ਹੋਣੀ ਦਾ ਟਾਕਰਾ ਕਰਨ ਦੇ ਸਮਰੱਥ ਨਹੀਂ ਸਨ, ਸਗੋਂ ਉਹ ਅੰਧ-ਵਿਸ਼ਵਾਸ, ਵਹਿਮ-ਪ੍ਰਸਤੀ ਵਿਚ ਪਏ ਹੋਏ ਸਨ ਤੇ ਉਸੇ ਨੂੰ ਧਰਮ ਮੰਨੀ ਬੈਠੇ ਸਨ। ਉਹ ਵਿਸ਼ਵਾਸ ਰਖਦੇ ਸਨ ਕਿ ਜੰਤ੍ਰਾਂ-ਮੰਤ੍ਰਾਂ, ਟੂਣੇ-ਟੋਟਕਿਆਂ ਨਾਲ ਬਿਪਤਾ ਟਾਲੀ ਜਾ ਸਕਦੀ ਹੈ—ਆਪਣੇ ਆਪ ਨੂੰ ਟਾਕਰੇ ਲਈ ਤੱਤਪਰ ਰਖਣ ਦੀ ਲੋੜ ਨਹੀਂ। ਹੋਇਆ ਇਹ ਕਿ ਜਦੋਂ ਉਨ੍ਹਾਂ ਨੂੰ ਬਾਬਰ ਦੇ ਵਧਦੇ ਆਉਣ ਦੀ ਖ਼ਬਰ ਮਿਲੀ, ਉਨ੍ਹਾਂ ਟੂਣੇ ਤਵੀਤ ਕਰਨੇ ਸ਼ੁਰੂ ਕਰ ਦਿਤੇ, ਤਾਂ ਜੁ ਮੁਗਲ ਅੰਨ੍ਹੇ ਹੋ ਜਾਣ ਤੇ ਮਰ ਜਾਣ। ਪਰ ਇਸ ਵਹਿਮ ਨਾਲ ਕੀ ਬਣਨਾ ਸੀ, ਨਿਸਚੇ ਹੀ ਦੇਸ਼ ਨੇ ਤਬਾਹ ਹੋਣਾ ਸੀ :

ਕੋਟੀ ਹੂ ਪੀਰ ਵਰਜਿ ਰਹਾਏ ਜਾ ਮੀਰੁ ਸੁਣਿਆ ਧਾਇਆ ॥
ਥਾਨ ਮੁਕਾਮ ਜਲੇ ਬਿਜ ਮੰਦਰ ਮੁਛਿ ਮੁਛਿ ਕੁਇਰ ਰੁਲਾਇਆ ॥
ਕੋਈ ਮੁਗਲੁ ਨ ਹੋਆ ਅੰਧਾ ਕਿਨੈ ਨ ਪਰਚਾ ਲਾਇਆ ॥੪॥ (੪੧੭-੧੮)

ਐਸ਼-ਇਸ਼ਰਤ ਵਿਚ ਲਗੇ ਲੋਕਾਂ ਨੇ ਕੀ ਆਪਣੇ ਆਪ ਨੂੰ ਟਾਕਰੇ ਲਈ ਤਿਆਰ ਰਖਣਾ ਸੀ, ਟੂਣਿਆਂ-ਤਵੀਤਾਂ ਨਾਲ ਕੀ ਬਣਨਾ ਸੀ ? ਹੋਇਆ ਉਹੋ ਜੋ ਹੋਣਾ ਸੀ। ਮੰਦਰ, ਥਾਨ, ਮੁਕਾਮ ਫੂਕੇ ਗਏ, ਪੀਰਾਂ ਦੇ ਟੂਣੇ-ਤਵੀਤ ਵਿਅਰਥ ਗਏ, ਮੁਗਲ ਅੰਨ੍ਹੇ ਨਾ ਹੋਏ, ਕੋਈ ਕਰਾਮਾਤ ਨਾ ਵਾਪਰੀ, ਦੇਸ਼ ਤਬਾਹ ਹੋਇਆ :

ਮੁਗਲ ਪਠਾਣਾ ਭਈ ਲੜਾਈ ਰਣ ਮਹਿ ਤੇਗ ਵਗਾਈ ॥
ਓਨ੍ਹੀ ਤੁਪਕ ਤਾਣਿ ਚਲਾਈ ਓਨ੍ਹੀ ਹਸਤਿ ਚਿੜਾਈ ॥
ਜਿਨ੍ ਕੀ ਚੀਰੀ ਦਰਗਹ ਪਾਟੀ ਤਿਨਾ ਮਰਣਾ ਭਾਈ ॥੫॥
ਇਕ ਹਿੰਦਵਾਣੀ ਅਵਰ ਤੁਰਕਾਣੀ ਭਟਿਆਣੀ ਠਕੁਰਾਣੀ ॥
ਇਕਨ੍ਾ ਪੇਰਣ ਸਿਰ ਖੁਰ ਪਾਟੇ ਇਕਨ੍ਾ ਵਾਸੁ ਮਸਾਣੀ ॥੬॥

ਪਠਾਣ ਉਸ ਸਮੇਂ ਹਿੰਦ ਦੇ ਹਾਕਮ ਸਨ, ਰਾਜੇ ਸਨ, ਉਹ ਵੀ ਐਸ਼-ਇਸ਼ਰਤ ਵਿਚ ਫਸੇ ਸਨ। ਮੁਸੀਬਤ ਪਈ ਤੇ ਲੜੇ, ਪਰ ਤਾਬ ਨਾ ਲਾ ਸਕੇ; ਹਾਰੇ, ਰਤਨ ਵਰਗਾ ਦੇਸ਼ ਘਟੇ-ਕੌਡੀਆਂ ਰੁਲ ਗਿਆ, ਬਾਬਰਵਾਣੀ ਫਿਰ ਗਈ।

(੩) ਸੋ ਦੇਸ਼-ਦੁਰਦਸ਼ਾ ਦਾ ਤੀਜਾ ਕਾਰਨ ਪਠਾਣ ਤੇ ਲੋਧੀ ਹਾਕਮਾਂ ਦੀ ਕਮਜ਼ੋਰੀ ਸੀ, ਜਿਨ੍ਹਾਂ ਨੇ ਸਹੀ ਮੁਹਿਨਿਆਂ ਵਿਚ ਬਾਹਰਲੇ ਹਮਲੇ ਵਿਰੁਧ ਦੇਸ਼ ਦੀ ਰਾਖੀ ਕਰਨੀ ਸੀ। ਉਹ ਤਿਆਰ ਹੀ ਨਹੀਂ ਸਨ। ਬਾਬਰ ਪਾਸ ਬੰਦੂਕਾਂ-ਤੋਪਾਂ ਸਨ, ਇਨ੍ਹਾਂ ਨੇ ਹਾਥੀਆਂ ਨਾਲ ਲੜਨਾ ਸੀ।

ਬਾਬੇ ਨੇ ਲੋਧੀ-ਪਠਾਣ ਹਾਕਮਾਂ ਨੂੰ ਬੁਰੀ ਤਰ੍ਹਾਂ ਆੜੇ ਹੱਥੀਂ ਲਿਆ ਹੈ ਅਤੇ ਕੋਸਿਆ ਹੈ ਕਿ ਇਨ੍ਹਾਂ ਕੁੱਤਿਆਂ ਨੂੰ, ਜਿਨ੍ਹਾਂ ਹਿੰਦੁਸਤਾਨ ਵਰਗਾ ਰਤਨ ਘਟੇ-ਕੌਡੀਆਂ ਰੁਲਾ ਦਿਤਾ, ਕਿਸੇ ਨੇ ਯਾਦ ਨਹੀਂ ਕਰਨਾ। ਇਹ ਆਪਣੀ ਐਸ਼-ਇਸ਼ਰਤ ਵਿਚ ਲਗੇ ਰਹੇ ਤੇ ਦੇਸ਼ ਤਬਾਹ ਕਰਵਾ ਲਿਆ।


www.AKJ.Org

ਜ ਕੋ ਨਾਉ ਧਰਾਏ ਵਡਾ ਸਾਦ ਕਰੇ ਮਨਿ ਭਾਣੇ ॥
ਖਸਮੈ ਨਦਰੀ ਕੀੜਾ ਆਵੈ ਜੇਤੇ ਚੁਗੈ ਦਾਣੇ ॥
ਮਰਿ ਮਰਿ ਜੀਵੈ ਤਾ ਕਿਛੁ ਪਾਏ ਨਾਨਕ ਨਾਮੁ ਵਖਾਣੇ ॥੩॥੫॥੩੯॥ (੩੬੦)

ਇਹਨਾਂ ਕੁੱਤਿਆਂ ਨੂੰ ਕਿਸੇ ਨੇ ਕਿਉਂ ਯਾਦ ਕਰਨਾ ਹੈ।

"ਰਤਨ ਵਿਗਾੜਿ ਵਿਗੋਏ ਕੁਤੀ ਮੁਇਆ ਸਾਰ ਨ ਕਾਈ" ॥੨॥ (੩੬੦)

ਯਾਦ ਤੇ ਕੋਈ ਉਨ੍ਹਾਂ ਨੂੰ ਕਰਦਾ ਹੈ ਜੋ ਧਰਮ ਪਾਲਦੇ ਹਨ, ਸੂਰਮਗਤੀ ਦਿਖਾਂਦੇ ਹਨ, ਦੇਸ਼ ਦਾ ਭਲਾ ਕਰਦੇ ਹਨ। ਦੇਸ਼ ਨੂੰ ਤਬਾਹ ਕਰਾ ਲੈਣ ਵਾਲਿਆਂ ਨੂੰ ਕਿਸੇ ਕਿਉਂ ਯਾਦ ਕਰਨਾ ਹੋਇਆ ?......

ਗੁਰੂ ਨਾਨਕ ਦੇਵ ਜੀ ਨੇ ਭਾਰਤ ਦੀ ਬੇਪਤੀ ਦੇ ਇਸ ਸਾਰੇ ਕਾਂਡ ਨੂੰ ਵੇਖਿਆ, ਲਹੂ ਦੇ ਅੱਥਰੂ ਕੇਰੇ, ਪਰ ਆਪ ਬੇ-ਬਸ ਨਹੀਂ ਹੋਏ, ਉਨ੍ਹਾਂ ਨੇ ਇਲਮ ਕੀਤਾ ਕਿ ਧਰਮੁ ਦਾ ਉਹ ਸੰਕਲਪ ਦੇਣਾ ਹੈ ਜੋ ਦੋ ਚੀਜ਼ਾਂ ਵਿਚੋਂ ਸਦਾ ਇਕ ਨੂੰ ਚੁਣ ਸਕੇ, ਜਾਂ ਪਤਿ-ਇਜ਼ਤ, ਗੈਰਤ ਦਾ ਜੀਵਨ ਮਿਲੇ ਜਾਂ ਮੌਤ। ਉਨ੍ਹਾਂ ਨੇ ਨਾਹਰਾ ਦਿਤਾ :

ਸੋ ਜੀਵਿਆ ਜਿਸੁ ਮਨਿ ਵਸਿਆ ਸੋਇ ॥ ਨਾਨਕ ਅਵਰੁ ਨ ਜੀਵੈ ਕੋਇ ॥
ਜੇ ਜੀਵੈ ਪਤਿ ਲਥੀ ਜਾਇ ॥ ਸਭੁ ਹਰਾਮੁ ਜੇਤਾ ਕਿਛੁ ਖਾਇ ॥
ਰਾਜਿ ਰੰਗੁ ਮਾਲਿ ਰੰਗੁ ਰੰਗਿ ਰਤਾ ਨਚੈ ਨੰਗੁ ॥
ਨਾਨਕ ਠਗਿਆ ਮੁਠਾ ਜਾਇ ॥ ਵਿਣੁ ਨਾਵੈ ਪਤਿ ਗਇਆ ਗਵਾਇ ॥੧॥੧੦॥ (੧੪੨)

ਉਨ੍ਹਾਂ ਪੂਜਾ-ਧਰਮ ਦਾ ਉਹ ਨਵਾਂ ਸਿਧਾਂਤ ਦਿਤਾ, ਜਿਸ ਵਿਚ ਬਾ-ਗੈਰਤ ਜੀਵਨ ਜੀਣ ਦੀ ਪ੍ਰੇਰਨਾ ਸੀ। ਉਨ੍ਹਾਂ ਕਿਹਾ :

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ, ਸੁਚ ਵਿਣੁ ਸੋਚ ਨ ਹੋਈ ॥੬॥੧॥ (੯੦੩)

ਉਹ ਪੂਜਾ ਨਿਰਾਰਥਕ ਹੈ ਜੋ ਮਨੁਖ ਨੂੰ ਬਾਗੈਰਤ-ਬਾਇਜ਼ਤ ਜੀਵਨ ਨਹੀਂ ਦੇ ਸਕਦੀ, ਉਹ ਧਰਮ, ਉਹ ਕਰਮ ਨਿਸਫਲ ਹੈ ਜੋ ਮਨੁਖ ਨੂੰ ਪਤਿ ਵਾਲਾ ਜੀਵਨ ਨਹੀਂ ਦਿੰਦਾ। ਬਾਬੇ ਨੇ ਭਾਰਤ-ਵਾਸੀਆਂ ਨੂੰ ਵੰਗਾਰਿਆ :

ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ ॥
ਨਾਵਹੁ ਧੋਵਹੁ ਤਿਲਕੁ ਚੜਾਵਹੁ, ਸੁਚ ਵਿਣੁ ਸੋਚ ਨ ਹੋਈ ॥੬॥੧॥ (੯੦੩)

ਬਾਬੇ ਨਾਨਕ ਦੀ ਇਸ ਵੰਗਾਰ ਨੇ, ਸਮੇਂ ਨਾਲ, ਉਹ ਖਾਲਸਾ ਪੈਦਾ ਕਰ ਦਿਤਾ ਜਿਸ ਦੇ ਹੁੰਦਿਆਂ 'ਪਾਪ ਕੀ ਜੰਞ ਲੈ ਕਾਬਲਹੁ ਧਾਇਆ' ਦਾ ਹੌਸਲਾ ਕਿਸੇ ਜਰਵਾਣੇ ਵਿਚ ਨਾ ਰਹਿਆ ਅਤੇ ਨਾ ਹੀ ਫਿਰ ਆ ਕੇ ਕੋਈ ਹਿੰਦੁਸਤਾਨ ਨੂੰ ਡਰਾਉਣ ਵਾਲਾ ਜੰਮਿਆ, ਕੋਈ ਜਮ ਰੂਪ ਹੋ ਕੇ ਮੁਗਲ ਮੁੜ ਇਸ ਧਰਤੀ ਤੇ ਪੈਰ ਨਾ ਰਖ ਸਕਿਆ। 'ਪਤਿ ਵਿਣੁ ਪੂਜਾ, ਸਤ ਵਿਣੁ ਸੰਜਮੁ, ਜਤ ਵਿਣੁ ਕਾਹੇ ਜਨੇਊ' ਦੇ ਸ਼ਿਧਾਂਤ ਨੇ ਉਹ ਲੋਕ ਪੈਦਾ ਕਰ ਦਿਤੇ ਜਿਨ੍ਹਾਂ ਪੰਜਾਬ ਤੇ ਭਾਰਤ ਨੂੰ 'ਬੇਗਮਪੁਰਾ' ਬਣਾ ਦਿਤਾ, ਜਿਸ ਦਾ ਸੁਪਨਾ ਭਗਤ ਰਵਿਦਾਸ ਜੀ ਨੇ ਇਉਂ ਲਇਆ ਸੀ—

ਬੇਗਮਪੁਰਾ ਸਹਰ ਕੋ ਨਾਉ ॥ ਦੂਖੁ ਅੰਦੋਹੁ ਨਹੀ ਤਿਹਿ ਠਾਉ ॥
ਨਾ ਤਸਵੀਸ ਖਿਰਾਜੁ ਨਾ ਮਾਲੁ ॥ ਖਉਫੁ ਨ ਖਤਾ ਨ ਤਰਸੁ ਜਵਾਲੁ ॥੧॥
ਅਬ ਮੋਹਿ ਖੂਬ ਵਤਨ ਗਹ ਪਾਈ ॥ ਊਹਾਂ ਖੈਰਿ ਸਦਾ ਮੇਰੇ ਭਾਈ ॥੧॥ਰਹਾਉ॥
ਕਾਇਮੁ ਦਾਇਮੁ ਸਦਾ ਪਾਤਿਸਾਹੀ ॥ ਦੋਮ ਨ ਸੇਮ ਏਕ ਸੋ ਆਹੀ ॥
ਆਬਾਦਾਨੁ ਸਦਾ ਮਸਹੂਰ ॥ ਊਹਾ ਗਨੀ ਬਸਹਿ ਮਾਮੂਰ ॥੨॥
ਤਿਉ ਤਿਉ ਸੈਲ ਕਰਹਿ ਜਿਉ ਭਾਵੈ ॥ ਮਹਰਮ ਮਹਲ ਨ ਕੋ ਅਟਕਾਵੈ ॥
ਕਹਿ ਰਵਿਦਾਸ ਖਲਾਸ ਚਮਾਰਾ ॥ ਜੋ ਹਮ ਸਹਰੀ ਸੁ ਮੀਤੁ ਹਮਾਰਾ ॥੩॥੨॥ (੩੪੫)

["ਸਿਖ ਸਿਖੀ ਅਤੇ ਸਿਧਾਂਤ" ਵਿਚੋਂ ਧੰਨਵਾਦ ਸਹਿਤ



www.AKJ.Org

# 'ਸਤਿਗੁਰੁ ਦਾਤਾ ਜੀਅ ਕਾ'

[ਪ੍ਰੋਫੈਸਰ ਗੁਰਮੁਖ ਸਿੰਘ ਜੀ]

ਕਈ ਸਨਾਤਨ ਧਰਮੀ ਇਹ ਪ੍ਰਚਾਰ ਕਰਦੇ ਸੁਣੇ ਹਨ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਭਵਿਖ ਪੁਰਾਣ ਦੀ ਭਵਿਖ ਬਾਣੀ ਅਨੁਸਾਰ ਸ੍ਰੀ ਕ੍ਰਿਸ਼ਨ ਜੀ ਦੇ ਅਵਤਾਰ ਹਨ। ਇਉਂ ਆਖ ਕੇ ਇਹਨਾਂ ਨੇ ਬਹੁਤ ਸਾਰੇ ਸਿਖਾਂ ਨੂੰ ਭੀ ਭੁਲੇਖੇ ਵਿਚ ਪਾਇਆ ਹੋਇਆ ਹੈ। ਸਾਡੇ ਬਹੁਤ ਸਾਰੇ ਧਰਮ-ਪ੍ਰਚਾਰਕ ਇਸ ਕਿਸਮ ਦੇ ਵਿਚਾਰਾਂ ਤੋਂ ਪ੍ਰਭਾਵਤ ਹੋਏ ਲਗਦੇ ਹਨ। ਉਹ ਵੇਦਾਂ, ਸ਼ਾਸਤਰਾਂ ਤੇ ਪੁਰਾਣਾਂ ਦੀਆਂ ਕਥਾਵਾਂ ਨਾਲ ਸੰਗਤਾਂ ਨੂੰ ਤਗੜੇ ਭੁਲੇਖੇ ਵਿਚ ਪਾਈ ਬੈਠੇ ਹਨ।

ਭਾਰਤੀ ਧਰਮ-ਚਿੰਤਕਾਂ ਨੇ ਇਕ ਗੱਲ ਉਛਾਲੀ ਹੋਈ ਹੈ, ਗੀਤਾ ਵਿਚ ਅੰਕਤ ਹੈ, ਸ੍ਰੀ ਕ੍ਰਿਸ਼ਨ ਜੀ ਅਰਜੁਨ ਨੂੰ ਕਹਿੰਦੇ ਦਸਦੇ ਹਨ ਕਿ ਹੇ ਅਰਜੁਨ, ਜਦੋਂ ਜਦੋਂ ਧਰਮ ਦੀ ਗਿਲਾਨੀ ਹੁੰਦੀ ਹੈ, ਮੈਂ ਧਰਮ ਦੀ ਰਾਖੀ ਕਰਨ ਲਈ ਅਵਤਾਰ ਧਾਰਦਾ ਹਾਂ। ਇਸ ਅਵਤਾਰਵਾਦ ਦੇ ਸਿਧਾਂਤ ਦੀ ਵਿਆਖਿਆ ਵਜੋਂ ਸ੍ਰੀ ਕ੍ਰਿਸ਼ਨ ਜੀ ਤੋਂ ਦੋ ਯੁਗ ਪਹਿਲੇ ਬਾਰੇ ਭੀ ਇਹ ਕਿਹਾ ਗਿਆ ਕਿ ਵਿਸ਼ਨੂੰ ਭਗਵਾਨ ਨੇ ਸਤਿਜੁਗ ਵਿਚ ਭਗਵਾਨ ਬਾਵਨ ਦਾ ਅਵਤਾਰ ਧਾਰਿਆ, ਫਿਰ ਤ੍ਰੇਤਾ ਜੁਗ ਵਿਚ ਭਗਵਾਨ ਸ੍ਰੀ ਰਾਮ ਆਏ (ਭਾਵੇਂ ਗੁਰਮਤਿ ਇਸ ਵਿਆਖਿਆ ਨਾਲ ਬਿਲਕੁਲ ਸਹਿਮਤ ਨਹੀਂ "ਜੁਗਹ ਜੁਗਹ ਕੇ ਰਾਜੇ ਕੀਏ, ਗਾਵਹਿ ਕਰਿ ਅਵਤਾਰੀ"*। ਇਉਂ ਇਸ ਸਿਧਾਂਤ ਨੂੰ ਸਤਿਜੁਗ ਤੋਂ ਲੈ ਕੇ ਸ੍ਰੀ ਕ੍ਰਿਸ਼ਨ ਭਗਵਾਨ ਦੇ ਦੁਆਪਰ ਜੁਗ ਤਕ ਕੰਮ ਕਰਦਾ ਦਰਸਾਇਆ ਗਿਆ। ਗੁਰਮਤਿ ਫ਼ਲਸਫ਼ਾ ਇਹ ਪੁਛਦਾ ਹੈ ਕਿ ਕਲਜੁਗ ਵਿਚ ਤਾਂ ਅਧਰਮ ਦੀ ਹੱਦ ਹੋ ਗਈ, ਭਗਵਾਨ ਕ੍ਰਿਸ਼ਨ ਹੁਣ ਤਕ ਪਰਗਟ ਕਿਉਂ ਨਹੀਂ ਹੋਏ ? ਕੀ ਅਜੇ ਹੋਰ ਉਡੀਕਣਾ ਹੈ ?

ਸ੍ਰੀ ਗੁਰੂ ਨਾਨਕ ਦੇਵ ਜੀ ਕਿਸੇ ਦੇਵੀ ਦੇਵਤੇ ਦੇ ਅਵਤਾਰ ਨਹੀਂ ਸਨ, ਉਹ ਤਾਂ—

ਆਪਿ ਨਾਰਾਇਣੁ ਕਲਾ ਧਾਰਿ ਜਗ ਮਹਿ ਪਰਵਰਿਯਉ ॥
ਨਿਰੰਕਾਰਿ ਆਕਾਰੁ ਜੋਤਿ ਜਗ ਮੰਡਲਿ ਕਰਿਯਉ ॥ [ਪੰਨਾ ੧੩੯੫]

ਕੀਰਤ ਭੱਟ ਬੜੀ ਦ੍ਰਿੜ੍ਹਤਾ ਨਾਲ ਦਸ ਰਹੇ ਹਨ ਕਿ ਸਤਿਗੁਰਾਂ ਵਿਚ ਨਿਰੰਕਾਰੀ ਜੋਤਿ ਨੇ ਪਰਵੇਸ਼ ਕੀਤਾ, ਜਿਸ ਨੇ ਸਾਰੇ ਜਗ-ਮੰਡਲ ਨੂੰ ਰੁਸ਼ਨਾਇਆ। ਅਵਤਾਰਵਾਦ ਦੇ ਸੰਦਰਭ ਵਿਚ ਭੱਟ ਕਲ ਸਹਾਰ ਜੀ ਦੇ ਸ੍ਰੀ ਗੁਰੂ ਨਾਨਕ ਦੇਵ ਜੀ ਦੀ ਉਸਤਤ ਵਿਚ ਲਿਖੇ ਸਤਵੇਂ ਸਵਈਏ ਤੋਂ ਪੈਣ ਵਾਲੇ ਭੁਲੇਖੇ ਤੋਂ ਸਾਵਧਾਨੀ ਵਰਤਣੀ ਉਚਿਤ ਹੋਵੇਗੀ :—

ਸਤਜੁਗਿ ਤੈ ਮਾਣਿਓ ਛਲਿਓ ਬਲਿ ਬਾਵਨ ਭਾਇਓ ॥
ਤ੍ਰੇਤੈ ਤੈ ਮਾਣਿਓ ਰਾਮੁ ਰਘੁਵੰਸੁ ਕਹਾਇਓ ॥
ਦੁਆਪੁਰਿ ਕ੍ਰਿਸਨ ਮੁਰਾਰਿ ਕੰਸੁ ਕਿਰਤਾਰਥੁ ਕੀਓ ॥
ਉਗ੍ਰਸੈਣ ਕਉ ਰਾਜੁ ਅਭੈ ਭਗਤਹ ਜਨ ਦੀਓ ॥
ਕਲਿਜੁਗਿ ਪ੍ਰਮਾਣੁ ਨਾਨਕ ਗੁਰੁ, ਅੰਗਦੁ ਅਮਰੁ ਕਹਾਇਓ ॥
ਸ੍ਰੀ ਗੁਰੂ ਰਾਜੁ ਅਬਿਚਲੁ ਅਟਲੁ ਆਦਿ ਪੁਰਖਿ ਫੁਰਮਾਇਓ ॥੭॥

[ਸਵਈਏ ਮਹਲੇ ਪਹਲੇ ਕੇ, ਪੰਨਾ ੧੩੯੦

ਉਪਰੋਕਤ ਸਵਈਏ ਵਿਚ "ਤੈਂ" ਨੂੰ ਧਿਆਨ ਨਾਲ ਪੜ੍ਹਨਾ ਚਾਹੀਦਾ ਹੈ। ਇਹ ਨਿਰੰਕਾਰੀ ਜੋਤਿ ਨੂੰ ਸੰਬੋਧਨ ਹੈ। ਇਸ ਸਵਈਏ ਵਿਚ ਅਵਤਾਰਵਾਦ ਦੀ ਕੋਈ ਗੱਲ ਨਹੀਂ ਆਖੀ ਗਈ। ਅਕਾਲਪੁਰਖ ਦੀ ਅਕਾਲੀ ਸ਼ਕਤੀ ਨੇ ਹੀ ਸਤਜੁਗ, ਤ੍ਰੇਤਾ, ਦੁਆਪਰ ਅਤੇ ਹੁਣ ਕਲਜੁਗ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਦਾ ਰੂਪ

*ਆਸਾ ਮਹਲਾ ੩ ਅਸਟ:, ਪੰਨਾ ੪੨੩



www.AKJ.Org

ਧਾਰਿਆ, ਅਤੇ ਉਹਨਾਂ ਤੋਂ ਅਗੋਂ ਗੁਰੂ ਗੱਦੀ ਤੇ ਸਸ਼ੋਭਤ ਹੋਏ ਸ੍ਰੀ ਗੁਰੂ ਅੰਗਦ ਦੇਵ ਜੀ ਅਤੇ ਫਿਰ ਸ੍ਰੀ ਗੁਰੂ ਅਮਰ ਦਾਸ ਜੀ ਬਿਰਾਜਮਾਨ ਹੋਏ। ਇਉਂ ਇਹ ਰਾਜ ਜੋਗ ਦਾ ਰਾਜ ਕਲਜੁਗ ਨੂੰ ਤਾਰਨ ਹਿਤ ਅਬਿਚਲ ਅਤੇ ਅਟੱਲ ਹੋ ਕੇ ਸ੍ਰੀ ਅਕਾਲ ਜੀ ਦੇ ਹੁਕਮ ਨਾਲ ਸਥਾਪਤ ਹੋਇਆ।

ਬਾਣੀ ਵਿਚੋਂ ਬੇਅੰਤ ਸੰਕੇਤ ਮਿਲਦੇ ਹਨ ਕਿ ਸਤਿਗੁਰ ਨਾਨਕ ਦੇਵ ਜੀ ਆਪੋਂ ਬਣੇ ਗੁਰੂ ਨਹੀਂ, ਜਿਵੇਂ ਅਜ ਕਲ੍ਹ ਥਾਉਂ ਥਾਈਂ ਕੁਝ ਲੋਕ ਸਤਿਗੁਰਾਂ ਦੀ ਬਾਣੀ ਦੀ ਵਿਆਖਿਆ ਕਰ ਕਰ ਕੇ ਆਪਣੇ ਡੇਰੇ ਚਲਾ ਰਹੇ ਹਨ। ਭਾਈ ਗੁਰਦਾਸ ਜੀ ਨੇ ਇਕ ਬਹੁਤ ਸੋਹਣਾ ਹਵਾਲਾ ਦਿਤਾ ਹੈ ਕਿ ਸ੍ਰੀ ਗੁਰੂ ਨਾਨਕ ਦੇਵ ਜੀ ਨੂੰ ਕਿਵੇਂ ਧੁਰੋਂ ਬਖਸ਼ਸ਼ ਹੋਈ—

ਪਹਿਲਾਂ ਬਾਬੇ ਪਾਯਾ ਬਖਸੁ ਦਰ, ਪਿਛੋਂ ਦੇ ਫਿਰਿ ਘਾਲਿ ਕਮਾਈ॥
ਰੇਤੁ ਅਕੁ ਅਹਾਰੁ ਕਰਿ, ਰੋੜਾਂ ਕੀ ਗੁਰ ਕਰੀ ਵਿਛਾਈ॥
ਭਾਰੀ ਕਰੀ ਤਪਸਿਆ, ਵਡੇ ਭਾਗੁ ਹਰਿ ਸਿਉ ਬਣਿ ਆਈ॥

(ਭਾਈ ਗੁਰਦਾਸ ਜੀ, ਵਾਰ ੧, ਪਉੜੀ ੨੪)

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੇ ਬਾਰੇ ਆਪ ਸੰਕੇਤ ਦਿੰਦੇ ਹਨ, ਕਿਵੇਂ ਸ੍ਰੀ ਅਕਾਲ ਪੁਰਖ ਜੀ ਨੇ ਉਹਨਾਂ ਨੂੰ ਨਿਵਾਜਿਆ :—

ਸਚੇ ਕੀ ਸਿਰਕਾਰ ਜੁਗੁ ਜੁਗੁ ਜਾਣੀਐ॥ ਹੁਕਮੁ ਮੰਨੇ ਸਿਰਦਾਰੁ ਦਰਿ ਦੀਬਾਣੀਐ॥
ਫੁਰਮਾਨੀ ਹੈ ਕਾਰ ਖਸਮਿ ਪਠਾਇਆ॥ ਤਬਲਬਾਜ ਬੀਚਾਰ ਸਬਦਿ ਸੁਣਾਇਆ॥੧੦॥

(ਵਾਰ ਮਾਝ ਮ: ੧—ਪੰਨਾ ੧੪੨)

ਭਾਵ—ਉਸ ਸੱਚੇ ਅਕਾਲਪੁਰਖ ਦੀ ਦਰਗਾਹ ਵਿਖੇ ਜੋ ਉਸਦਾ ਹੁਕਮ ਮੰਨਦਾ ਹੈ, ਉਸਨੂੰ ਸਰਦਾਰ ਆਖਦੇ ਹਨ। ਉਥੇ ਨਗਾਰਚੀ ਨੇ ਮਾਲਕ ਦੇ ਆਦੇਸ਼ ਨੂੰ ਪ੍ਰਗਟ ਕਰਕੇ ਸੁਣਾ ਦਿਤਾ ਹੈ ਤੇ ਮੈਂ ਮਾਲਕ ਦੇ ਹੁਕਮ ਦੀ ਪਾਲਣਾ ਕਰਨ ਲਈ ਇਸ ਸੰਸਾਰ ਵਿਖੇ ਭੇਜਿਆ ਗਿਆ ਹਾਂ।

ਮਾਝ ਕੀ ਵਾਰ ਮ: ੧ ਵਿਚ ਸਚੇ ਪਾਤਸ਼ਾਹ ਆਪਣੇ ਮਿਸ਼ਨ ਬਾਰੇ ਇਕ ਥਾਂ ਹੋਰ ਸੰਕੇਤ ਦਿੰਦੇ ਹਨ :—

ਹਉ ਢਾਢੀ ਵੇਕਾਰੁ ਕਾਰੈ ਲਾਇਆ॥ ਰਾਤਿ ਦਿਹੈ ਕੈ ਵਾਰ ਧੁਰਹੁ ਫੁਰਮਾਇਆ॥
ਢਾਢੀ ਸਚੈ ਮਹਲਿ ਖਸਮਿ ਬੁਲਾਇਆ॥ ਸਚੀ ਸਿਫਤਿ ਸਾਲਾਹ ਕਪੜਾ ਪਾਇਆ॥
ਸਚਾ ਅੰਮ੍ਰਿਤ ਨਾਮੁ ਭੋਜਨੁ ਆਇਆ॥ ਗੁਰਮਤੀ ਖਾਧਾ ਰਜਿ ਤਿਨਿ ਸੁਖੁ ਪਾਇਆ॥
ਢਾਢੀ ਕਰੇ ਪਸਾਉ ਸਬਦੁ ਵਜਾਇਆ॥ ਨਾਨਕ ਸਚੁ ਸਾਲਾਹਿ ਪੂਰਾ ਪਾਇਆ॥੨੭॥ (ਪੰਨਾ ੧੫੦)

ਸਤਿਗੁਰੂ ਜੀ ਆਪਣੇ ਆਪ ਨੂੰ ਸਚੇ ਮਾਲਕ ਦਾ ਢਾਢੀ ਕਹਿੰਦੇ ਹਨ ਤੇ ਦਸਦੇ ਹਨ ਕਿ ਧੁਰੋਂ ਹੀ ਉਹਨਾਂ ਨੂੰ ਸੱਚੀ ਸਿਫਤ ਸਲਾਹ ਕਰਨ ਕਰਾਉਣ ਦਾ ਸਿਰਪਾਉ ਬਖ਼ਸ਼ਸ਼ ਹੋਇਆ।

ਰਾਗ ਗਉੜੀ ਵਿਚ ਤਾਂ ਆਪ ਹੋਰ ਭੀ ਸਪਸ਼ਟ ਸ਼ਬਦਾਂ ਵਿਚ ਸ਼ਾਇਦ ਕਿਸੇ ਦੇ ਪ੍ਰਸ਼ਨ ਦਾ ਉਤਰ ਦਿੰਦੇ ਲਗਦੇ ਹਨ :—

ਸਤਿਗੁਰੁ ਦੇਖਿਆ, ਦੀਖਿਆ ਲੀਨੀ॥ ਮਨੁ ਤਨੁ ਅਰਪਿਓ ਅੰਤਰਗਤਿ ਕੀਨੀ॥
ਗਤਿ ਮਿਤਿ ਪਾਈ ਆਤਮੁ ਚੀਨੀ॥੪॥੧੫॥ (ਗਉੜੀ ਮ: ੧, ਪੰਨਾ ੨੨੭)

ਆਪ ਦਾ ਭਾਵ ਹੈ, "ਮੇਰਾ ਸਤਿਗੁਰੂ ਸ੍ਰੀ ਅਕਾਲ ਪੁਰਖ ਹੈ, ਮੈਂ ਉਹਨਾਂ ਦੇ ਦਰਸ਼ਨ ਕੀਤੇ ਅਤੇ ਉਹਨਾਂ ਪਾਸੋਂ ਦੀਖਿਆ ਪ੍ਰਾਪਤ ਕੀਤੀ। ਆਪਣਾ ਮਨ ਅਤੇ ਤਨ ਉਹਨਾਂ ਦੀ ਭੇਟ ਕੀਤਾ ਤੇ ਉਹਨਾਂ ਦੇ ਉਪਦੇਸ਼ ਨੂੰ ਅੰਦਰ ਵਸਾ ਲਿਆ। ਇਉਂ ਸੱਚੇ ਪ੍ਰਭੂ ਨੂੰ ਅੰਤਰ-ਆਤਮੇ ਪਹਿਚਾਨ ਲਿਆ।"

ਗੁਰਬਾਣੀ ਵਿਚਲੇ ਇਹ ਸੰਕੇਤ ਸਿਖ ਦੇ ਮਨ ਵਿਚ ਸਤਿਗੁਰੂ ਜੀ ਪ੍ਰਤੀ ਅਥਾਹ ਸ਼ਰਧਾ, ਭੈ-ਭਾਵਨੀ ਪੈਦਾ ਕਰਦੇ ਹਨ ਕਿ ਗੁਰੂਦੇਵ ਨੇ ਕਿਸੇ ਸੰਸਾਰਕ ਗੁਰੂ ਤੋਂ ਦੀਖਿਆ ਨਹੀਂ ਲਈ। ਆਪ ਧੁਰੋਂ ਹੀ ਵਰੋਸਾਏ



www.AKJ.Org

ਗਏ ਸਨ। ਸੰਸਾਰੀ ਆਪੋਂ ਬਣ-ਬਣ ਬੈਠੇ ਗੁਰੂ, ਆਤਮਕ ਮਾਰਗ ਤੇ ਪਾਰ-ਉਤਾਰਾ ਨਹੀਂ ਕਰਾ ਸਕਦੇ।

ਸ੍ਰੀ ਗੁਰੂ ਨਾਨਕ ਦੇਵ ਜੀ ਆਪਣੀ ਪਵਿਤਰ ਬਾਣੀ ਰਾਹੀਂ, ਸੰਸਾਰ ਸਾਗਰ ਤੋਂ ਪਾਰ ਹੋਣ ਲਈ, ਰੱਬੀ ਵਿਉਂਤ (divire system) ਨੂੰ ਰੂਪਮਾਨ ਕਰਦੇ ਹਨ, ਜੋ ਅਜ ਤਕ ਕਿਸੇ ਪੀਰ ਪੈਗੰਬਰ ਜਾਂ ਅਵਤਾਰ ਨੇ ਨਹੀਂ ਦਸਿਆ। ਇਹ ਰੱਬੀ ਵਿਉਂਤ ਸਿਖ ਧਰਮ ਦਾ ਮੂਲ ਆਧਾਰ ਹੈ। ਸ੍ਰੀ ਗੁਰੂ ਨਾਨਕ ਦੇਵ ਜੀ ਮਾਝ ਕੀ ਵਾਰ ਵਿਚ ਫ਼ੁਰਮਾਉਂਦੇ ਹਨ—

ਆਪੇ ਕੁਦਰਤਿ ਸਾਜਿ ਕੈ, ਆਪੇ ਕਰੇ ਬੀਚਾਰੁ ॥
ਇਕਿ ਖੋਟੇ, ਇਕਿ ਖਰੇ, ਆਪੇ ਪਰਖਣਹਾਰ ॥
ਖਰੇ ਖਜਾਨੈ ਪਾਈਅਹਿ, ਖੋਟੇ ਸਟੀਅਹਿ ਬਾਹਰਵਾਰਿ ॥
ਖੋਟੇ ਸਚੀ ਦਰਗਹ ਸੁਟੀਅਹਿ, ਕਿਸੁ ਆਗੈ ਕਰਹਿ ਪੁਕਾਰ ॥
ਸਤਿਗੁਰ ਪਿਛੈ ਭਜਿ ਪਵਹਿ ਏਹਾ ਕਰਣੀ ਸਾਰੁ ॥
ਸਤਗੁਰੁ ਖੋਟਿਅਹੁ ਖਰੇ ਕਰੇ ਸਬਦਿ ਸਵਾਰਣਹਾਰੁ ॥
ਸਚੀ ਦਰਗਹ ਮੰਨੀਅਨਿ ਗੁਰ ਕੈ ਪ੍ਰੇਮ ਪਿਆਰਿ ॥
ਗਣਤ ਤਿਨਾ ਦੀ ਕੋ ਕਿਆ ਕਰੇ, ਜੋ ਆਪਿ ਬਖਸੇ ਕਰਤਾਰਿ ॥੧੨॥ (ਪੰਨਾ ੧੪੩)

ਭਾਵ, ਅਕਾਲ ਪੁਰਖ ਜੀ ਨੇ ਦੋ ਪ੍ਰਕਾਰ ਦੇ ਮਨੁਖ ਸਾਜੇ ਹਨ : ਇਕ ਗੁਰਮੁਖ ਤੇ ਇਕ ਮਨਮੁਖ, ਇਕ ਦਾਨਵ ਤੇ ਇਕ ਦੈਂਤ ਬਿਰਤੀ ਵਾਲੇ। ਭਗਤ ਜਨ ਖਰੇ ਹੁੰਦੇ ਹਨ, ਜੋ ਭਗਤੀ ਪੂਰੀ ਹੋਣ ਤੇ ਸੱਚੀ ਦਰਗਾਹੇ ਸਤਿਗੁਰੂ ਦੀ ਬਖਸ਼ਸ਼ ਸਦਕਾ, ਪਰਵਾਨ ਹੁੰਦੇ ਹਨ ਅਤੇ ਰਾਖਸ਼ ਬੁਧੀ ਮਨਮੁਖ ਮੂੜ੍ਹ ਅਗਿਆਨੀ ਖੋਟੇ ਮਨੁਖ ਆਖੇ ਜਾਂਦੇ ਹਨ, ਜਿਨ੍ਹਾਂ ਨੂੰ ਸੱਚੀ ਦਰਗਾਹ ਵਿਚ ਪਰਵਾਨ ਨਹੀਂ ਕੀਤਾ ਜਾਂਦਾ, ਸਗੋਂ ਉਹਨਾਂ ਨੂੰ ਬਾਹਰਵਾਰ ਸੁਟਿਆ ਜਾਂਦਾ ਹੈ, ਜਿਸ ਕਾਰਨ ਉਹਨਾਂ ਨੂੰ ਬਾਰ ਬਾਰ ਜਨਮ ਲੈਣਾ ਪੈਂਦਾ ਹੈ—

ਮਨਮੁਖਾ ਨੋ ਫਿਰਿ ਜਨਮੁ ਹੈ, ਨਾਨਕ ਹਰਿ ਭਾਇ ॥੨॥੧੧॥੧੮॥
(ਆਸਾ ਮ: ੪, ਛੰਤ, ਪੰਨਾ ੪੫੦)

ਉਪਰਲੀ ਪਉੜੀ ਦੀ ਰੱਬੀ ਵਿਉਂਤ ਤੋਂ ਕੁਝ ਇਕ ਸਿਟੇ ਨਿਕਲਦੇ ਹਨ :—

(੧) ਵਾਹਿਗੁਰੂ ਜੀ ਆਪ ਹੀ ਰਚਨਾ ਦਾ ਰਚਣਹਾਰ ਹੈ।

(੨) ਇਸ ਰਚਨਾ ਵਿਚ ਦੋ ਤਰ੍ਹਾਂ ਦੇ ਜੀਵ ਹਨ : ਇਕ ਖੋਟੇ ਹਨ, ਕਿ ਖਰੇ ਹਨ, ਪਰ ਇਸ ਦੀ ਪਰਖ ਵਾਹਿਗੁਰੂ ਜੀ ਆਪ ਹੀ ਕਰਦੇ ਹਨ। ਖਰਿਆਂ ਨੂੰ ਦਰਗਾਹ ਵਿਚ ਥਾਉਂ ਮਿਲਦਾ ਹੈ, ਸਚੀ ਇੱਜ਼ਤ ਮਿਲਦੀ ਹੈ, ਪਰ ਖੋਟਿਆਂ ਨੂੰ ਉਹਨਾਂ ਦੇ ਖੋਟ ਕਾਰਨ ਬਾਹਰਵਾਰ ਸੁਟ ਦਿਤਾ ਜਾਂਦਾ ਹੈ ਤੇ ਉਹ ਬਾਰ ਬਾਰ ਜਨਮ ਲੈਂਦੇ ਹਨ।

(੩) ਸਵਾਲ ਉਠਾਇਆ ਗਿਆ ਹੈ ਕਿ ਆਖਰ ਖੋਟਿਆਂ ਦਾ ਖੋਟ ਕੌਣ ਦੂਰ ਕਰੇਗਾ ? ਉਤਰ ਭੀ ਦਿਤ ਗਿਆ ਹੈ ਕਿ ਇਸ ਕਾਰਜ ਲਈ ਸ੍ਰੀ ਅਕਾਲ ਪੁਰਖ ਨੇ ਸਤਿਗੁਰੂ ਦੀ ਸਥਾਪਨਾ ਕੀਤੀ ਹੈ, ਜਿਸਦਾ ਜੀਵਨ-ਮਨੋਰਥ ਹੀ ਇਹੋ ਹੈ ਕਿ ਉਹ ਖੋਟੇ ਮਨੁਖਾਂ ਨੂੰ ਵਾਹਿਗੁਰੂ ਜੀ ਦੇ ਬਖਸ਼ੇ ਸ਼ਬਦ ਦੀ ਬਰਕਤ ਨਾਲ ਖਰਾ ਬਣਾ ਦੇਵੇ।

(੪) ਸਤਿਗੁਰੂ ਜੀ ਨਾਲ ਅਥਾਹ ਪ੍ਰੇਮ ਪਿਆਰ ਸਦਕਾ ਖੋਟੇ ਮਨੁਖ ਦੀ ਖੋਟ ਹੌਲੀ ਹੌਲੀ ਉਤਰ ਜਾਂਦੀ ਹੈ ਤੇ ਉਹ ਸੱਚੀ ਦਰਗਾਹੇ ਸਤਿਗੁਰੂ ਜੀ ਦੀ ਕਿਰਪਾ-ਦ੍ਰਿਸ਼ਟੀ ਰਾਹੀਂ ਪਰਵਾਨ ਕੀਤੇ ਜਾਂਦੇ ਹਨ। ਫਿਰ ਜਿਹੜੇ ਸੱਚੀ ਦਰਗਾਹੇ ਪਰਵਾਨ ਹੋ ਜਾਂਦੇ ਹਨ, ਉਹਨਾਂ ਦਾ ਕਹਿਣਾ ਹੀ ਕੀ ਹੈ, ਭਾਵ, ਉਹਨਾਂ ਦੀ ਸਿਫ਼ਤ ਕਹਿਣ ਕਥਨ ਤੋਂ ਬਾਹਰ ਹੈ।

ਉਪਰੋਕਤ ਵੀਚਾਰ ਤੋਂ ਸਪਸ਼ਟ ਹੁੰਦਾ ਹੈ ਕਿ ਗੁਰਦੇਵ ਜੀ ਨੇ ਸਗਲ ਜਗਤ ਦੇ ਉਧਾਰ ਕਰਨ ਦਾ ਜੋ


www.AKJ.Org

ਮਿਸ਼ਨ ਧੁਰੋਂ ਪ੍ਰਾਪਤ ਕੀਤਾ, ਉਹ ਵਿਉਂਤਬਧ ਹੈ। ਇਸੇ ਰੋਸ਼ਨੀ ਵਿਚ ਹੋਰ ਕਈ ਸੰਕੇਤ ਮਿਲਦੇ ਹਨ, ਸ੍ਰੀ ਗੁਰੂ ਨਾਨਕ ਦੇਵ ਜੀ ਦੀ ਆਪਣੀ ਬਾਣੀ ਵਿਚੋਂ ਭੀ ਅਤੇ ਹੋਰਨਾਂ ਸਤਿਗੁਰਾਂ ਦੀ ਬਾਣੀ ਵਿਚੋਂ ਭੀ, ਜੋ ਇਸੇ ਸਿਧਾਂਤ ਦੀ ਹੀ ਵਿਆਖਿਆ ਕਰਦੇ ਹਨ। ਮਿਸਾਲ ਵਜੋਂ ਆਸਾ ਕੀ ਵਾਰ ਦੀ ਛੇਵੀਂ ਪਉੜੀ ਵਿਚ ਸ੍ਰੀ ਗੁਰੂ ਨਾਨਕ ਦੇਵ ਜੀ ਇਕ ਜ਼ਬਰਦਸਤ ਐਲਾਨ ਕਰਦੇ ਹਨ—

ਬਿਨੁ ਸਤਿਗੁਰ ਕਿਨੈ ਨ ਪਾਇਓ, ਬਿਨੁ ਸਤਿਗੁਰ ਕਿਨੈ ਨ ਪਾਇਆ ॥
ਸਤਿਗੁਰ ਵਿਚਿ ਆਪੁ ਰਖਿਓਨੁ, ਕਰਿ ਪਰਗਟੁ ਆਖਿ ਸੁਣਾਇਆ ॥੬॥
(ਆਸਾ ਕੀ ਵਾਰ, ਪੰਨਾ ੪੬੬)

ਇਸੇ ਸਿਧਾਂਤ ਨੂੰ ਸ੍ਰੀ ਗੁਰੂ ਅੰਗਦ ਸਾਹਿਬ ਸਾਰੰਗ ਕੀ ਵਾਰ ਵਿਚ ਇਉਂ ਨਿਖਾਰਦੇ ਹਨ :—

ਗੁਰੁ ਕੁੰਜੀ, ਪਾਹੂ ਨਿਵਲੁ, ਮਨੁ ਕੋਠਾ, ਤਨੁ ਛਤਿ ॥
ਨਾਨਕ ਗੁਰ ਬਿਨੁ ਮਨ ਕਾ ਤਾਕੁ ਨ ਉਘੜੈ, ਅਵਰ ਨ ਕੁੰਜੀ ਹਥਿ ॥੧॥੧॥ (ਪੰਨਾ ੧੨੩੭)

ਭਾਵ, ਮਨੁਖੀ ਮਨ ਮਾਇਆ ਦੀ ਕੋਠੜੀ ਵਿਚ ਬੰਦ ਹੈ, ਬਾਹਰ ਦਰਵਾਜ਼ੇ ਨੂੰ ਜੰਦਰਾ ਲਗਾ ਹੋਇਆ ਹੈ। ਇਸ ਦੇ ਖੋਲ੍ਹਣ ਦੀ ਚਾਬੀ ਕੇਵਲ ਸਤਿਗੁਰੂ ਪਾਸ ਹੀ ਹੁੰਦੀ ਹੈ, ਹੋਰ ਕਿਸੇ ਨੂੰ ਵਾਹਿਗੁਰੂ ਜੀ ਨੇ ਇਹ ਕੁੰਜੀ ਨਹੀਂ ਦਿਤੀ। ਇਸ ਲਈ ਕੇਵਲ ਗੁਰੂ ਹੀ ਮਨ ਦੇ ਬੰਦ ਕੋਠੇ ਦੇ ਦਰਵਾਜ਼ੇ ਨੂੰ ਖੋਲ੍ਹ ਸਕਦਾ ਹੈ, ਹੋਰ ਕਿਸੇ ਦੇ ਵਸ ਦਾ ਰੋਗ ਨਹੀਂ।

ਇਸੇ ਭਾਵ ਨੂੰ ਸ੍ਰੀ ਗੁਰੂ ਅਮਰ ਦਾਸ ਜੀ ਇਉਂ ਦਰਸਾਉਂਦੇ ਹਨ :—

ਬਿਨੁ ਸਬਦੈ ਅੰਤਰਿ ਆਨੇਰਾ ॥ ਨ ਵਸਤੁ ਲਹੈ, ਨ ਚੂਕੈ ਫੇਰਾ ॥
ਸਤਿਗੁਰ ਹਥਿ ਕੁੰਜੀ, ਹੋਰਤੁ ਦਰੁ ਖੁਲੈ ਨਾਹੀ, ਗੁਰੁ ਪੂਰੈ ਭਾਗਿ ਮਿਲਾਵਣਿਆ ॥੭॥੨੪॥੨੫॥
(ਮਾਝ ਮ: ੩, ਪੰਨਾ ੧੨੪)

ਭਾਵ, ਬਿਨਾਂ ਸਤਿਗੁਰੂ ਤੋਂ ਅੰਦਰ ਦੇ ਹਨੇਰੇ ਨੂੰ ਕੋਈ ਹੋਰ ਦੂਰ ਹੀ ਨਹੀਂ ਕਰ ਸਕਦਾ ਅਤੇ ਪੂਰੇ ਭਾਗ ਤਾਹੀਂ ਗੁਰੂ ਦੀ ਪ੍ਰਾਪਤੀ ਹੁੰਦੀ ਹੈ।

ਇਹ ਵਿਸ਼ਵਾਸ ਗੁਰੂ-ਬਾਣੀ ਪੜ੍ਹਨ ਸੁਣਨ ਨਾਲ ਸਹਜੇ ਹੀ ਸਿਖ ਦੇ ਮਨ ਵਿਚ ਦ੍ਰਿੜ੍ਹ ਹੋ ਜਾਂਦਾ ਹੈ ਕਿ ਸਤਿਗੁਰੂ ਤੋਂ ਬਿਨਾਂ ਇਸ ਸੰਸਾਰ-ਸਾਗਰ ਤੋਂ ਹੋਰ ਕੋਈ ਪਾਰ ਨਹੀਂ ਕਰਾ ਸਕਦਾ। ਉਹ ਬਾਰ ਬਾਰ ਅਕਾਲ ਪੁਰਖ ਜੀ ਦਾ ਧੰਨਵਾਦ ਕਰਦਾ ਹੈ ਕਿ ਉਸ ਤੇ ਕਿਡੀ ਵੱਡੀ ਬਖਸ਼ਸ਼ ਹੋਈ ਕਿ ਉਸਨੂੰ ਮਨੁਖਾ ਜਨਮ ਮਿਲਿਆ। ਫਿਰ ਮਨੁਖਾ ਜਨਮ ਧਾਰ ਕੇ ਉਸ ਦੇ ਕਿਡੇ ਵੱਡੇ ਭਾਗ ਕਿ ਨਿਰੰਕਾਰ ਜੀ ਨੇ ਉਸਨੂੰ ਅੰਮ੍ਰਿਤ ਦੀ ਦਾਤ ਬਖਸ਼ੀ ਤੇ ਸਤਿਗੁਰੂ ਜੀ ਦੇ ਲੜ ਲਾਇਆ। ਨਹੀਂ ਤਾਂ ਮਨੁਖਾ ਜਨਮ ਧਾਰ ਕੇ, ਸਿਖਾਂ ਦੇ ਘਰ ਜਨਮ ਲੈ ਕੇ ਭੀ ਉਹ ਸਤਿਗੁਰੂ ਜੀ ਦੇ ਚਰਨ ਨਾ ਪਰਸਦਾ, ਜਿਵੇਂ ਅਜ ਕਲ ਦੇ ਸਿਖਾਂ ਦੇ ਬੱਚੇ ਗੁਰੂ ਤੋਂ ਆਕੀ ਹੋਏ ਬੈਠੇ ਹਨ ਤੇ ਉਨ੍ਹਾਂ ਦਾ ਜਨਮ ਬਿਰਥਾ ਹੀ ਜਾ ਰਿਹਾ ਹੈ। ਇਸ ਲਈ ਸਤਿਗੁਰੂ ਜੀ ਦਾ ਸਿਦਕੀ ਸਿਖ ਦੋਵੇਂ ਵੇਲੇ ਨਿਤਨੇਮ ਦੀ ਅਰਦਾਸ ਵਿਚ ਨਿਰੰਕਾਰ ਦਾ ਧੰਨਵਾਦ ਕਰਦਾ ਹੈ ਅਤੇ ਸਚੇ ਪਾਤਸ਼ਾਹ ਅਗੇ ਅਰਜ਼ੋਈਆਂ ਕਰਦਾ ਹੈ—

ਬਹੁਤ ਜਨਮ ਬਿਛੁਰੇ ਥੇ ਮਾਧਉ, ਇਹੁ ਜਨਮੁ ਤੁਮ੍ਹਾਰੇ ਲੇਖੇ ॥੨॥੧॥ (ਧਨਾਸਰੀ ਰਵਿਦਾਸ ਜੀ, ੬੯੪)

ਸਿਖ ਦੇ ਹਿਰਦੇ ਵਿਚ ਸਤਿਗੁਰੂ ਜੀ ਦੇ ਸਹੀ ਅਸਥਾਨ ਦਾ ਅਨੁਮਾਨ ਸ੍ਰੀ ਗੁਰੂ ਰਾਮਦਾਸ ਜੀ ਦੇ ਹੇਠ ਲਿਖੇ ਫ਼ੁਰਮਾਨ ਤੋਂ ਲਾਇਆ ਜਾ ਸਕਦਾ ਹੈ। ਆਦਰਸ਼ ਤਾਂ ਇਹੋ ਹੀ ਹੈ, ਇਹ ਵਖਰੀ ਗੱਲ ਹੈ ਕਿ ਅਜੋਕੇ ਸਿਖ ਦੇ ਮਨ ਅੰਦਰ ਸਤਿਗੁਰੂ ਜੀ ਲਈ ਕਿਹੋ ਜਿਹਾ ਅਸਥਾਨ ਬਣਿਆ ਹੋਇਆ ਹੈ—

ਰਾਮ ਹਮ ਸਤਿਗੁਰ ਪਾਰਬ੍ਰਹਮ ਕਰਿ ਮਾਨੇ ॥
ਹਮ ਮੂੜ ਮੁਗਧ ਅਸੁਧ ਮਤਿ ਹੋਤੇ,
ਗੁਰ ਸਤਿਗੁਰ ਕੈ ਬਚਨਿ ਹਰਿ ਹਮ ਜਾਨੇ ॥੧॥ਰਹਾਉ॥੭॥੫੬॥ (ਪੰਨਾ ੧੬੯)



www.AKJ.Org

ਭਾਵ, ਹੇ ਰਾਮ, ਅਸਾਂ ਸਤਿਗੁਰੂ ਨੂੰ ਪਾਰਬ੍ਰਹਮ ਕਰਕੇ ਮੰਨਿਆ ਹੈ, ਕਿਉਂਕਿ ਅਸੀਂ ਮੂੜ, ਮੂਰਖ, ਤੇ ਮੈਲੀ ਮਤ ਵਾਲੇ ਹੁੰਦੇ ਸਾਂ, ਪਰ ਸਤਿਗੁਰੂ ਜੀ ਦੇ ਮਨੋਹਰ ਉਪਦੇਸ਼ ਰਾਹੀਂ ਅਸੀਂ ਉਤਮ ਹਰੀ ਨੂੰ ਜਾਣ ਲਿਆ।

ਸੋ ਸਿਖ ਲਈ ਗੁਰੂ ਹੀ ਪਰਮੇਸ਼ਰ ਹੈ। ਇਸ ਲਈ ਸਿਖ ਸਤਿਗੁਰੂ ਜੀ ਦੀ ਬਾਣੀ ਨੂੰ ਪਰਮੇਸ਼ਰ ਦਾ ਸ਼ਬਦ-ਸਰੂਪ ਮੰਨ ਕੇ ਸਤਿਕਾਰ ਕਰਦਾ ਹੈ। ਅਨਜਾਣ ਲੋਕ ਸਮਝਦੇ ਹਨ ਕਿ ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦਾ ਸਤਿਕਾਰ, ਉਸਦੀ ਪੂਜਾ, ਉਸਦੇ ਦੀਵਾਨ, ਚੌਂਕੀਆਂ ਝੰਡੇ, ਸਭ ਬੁੱਤਪ੍ਰਸਤੀ ਹਨ। ਪਰ ਸਿਖ ਨੂੰ ਅੰਤਰ-ਆਤਮੇ ਸੋਝੀ ਹੈ ਕਿ ਸਤਿਗੁਰੂ ਵਿਚ ਪਰਮਾਤਮਾ ਦਾ ਆਪਾ ਗੁਪਤ ਰੂਪ ਵਿਚ ਸਮਾਇਆ ਹੁੰਦਾ ਹੈ। ਸਿਖ ਲਈ ਇਸ ਸੰਸਾਰ ਵਿਚ ਸਤਿਗੁਰੂ ਸੱਚੇ ਪਾਤਸ਼ਾਹ ਤੋਂ ਬਿਨਾ ਹੋਰ ਕੋਈ ਦੁਨਿਆਵੀ ਰਾਜਾ, ਪਰਧਾਨ, ਜਾਂ ਮੰਤਰੀ ਆਦਿ ਵੱਡਾ ਨਹੀਂ, ਇਸ ਲਈ ਜੇ ਇਹ ਲੋਕ ਸਤਿਗੁਰੂ ਜੀ (ਸ੍ਰੀ ਗੁਰੂ ਗ੍ਰੰਥ ਸਾਹਿਬ ਜੀ) ਦੇ ਦਰਬਾਰ ਵਿਚ ਆਉਂਦੇ ਹਨ ਤਾਂ ਉਹਨਾਂ ਨੂੰ ਕੋਈ ਉਚੇਚਾ ਸਨਮਾਨ ਨਹੀਂ ਦਿਤਾ ਜਾਂਦਾ। ਜੇ ਕੋਈ ਸਿਖ ਇਹਨਾਂ ਨੂੰ ਸਨਮਾਨ ਦਿੰਦੇ ਹਨ ਤਾਂ ਉਹ ਆਪਣੇ ਸਤਿਗੁਰੂ ਜੀ ਦਾ ਅਪਮਾਨ ਕਰਦੇ ਹਨ। ਗੁਰਵਾਕ ਹੈ—

ਕੋਊ ਹਰਿ ਸਮਾਨਿ ਨਹੀ ਰਾਜਾ ॥
ਏ ਭੂਪਤਿ ਸਭ ਦਿਵਸ ਚਾਰਿ ਕੇ, ਝੂਠੇ ਕਰਤ ਦਿਵਾਜਾ ॥੧॥ਰਹਾਉ॥ (ਪੰਨਾ ੮੫੬)

ਹਰ ਸਿਖ ਦੇ ਧੁਰ ਹਿਰਦੇ ਅੰਦਰ ਇਹ ਸਿਕ ਹੁੰਦੀ ਹੈ ਕਿ ਉਸ ਦਾ ਲੋਕ ਪਰਲੋਕ ਸੁਹੇਲਾ ਹੋਵੇ। ਇਸੇ ਮਨੋਰਥ ਲਈ ਉਹ ਸਤਿਗੁਰ ਸਚੇ ਪਾਤਸ਼ਾਹ ਦੀ ਸ਼ਰਨ ਵਿਚ ਆਉਂਦਾ ਹੈ, ਅੰਮ੍ਰਿਤ ਪਾਨ ਕਰਦਾ ਹੈ, ਸਤਿਗੁਰਾਂ ਵਲੋਂ ਦ੍ਰਿੜ੍ਹਾਏ ਨਾਮ ਦੀ ਕਮਾਈ ਵਿਚ ਜੁਟਦਾ ਹੈ, ਰਹਿਤ ਦਾ ਧਾਰਨੀ ਹੋ ਕੇ ਆਪਣੇ ਆਚਰਨ ਨੂੰ ਉਚਾ ਸੁਚਾ ਬਣਾਉਂਦਾ ਹੈ, ਪਰ ਇਸ ਦਾ ਉਹ ਕੋਈ ਦਾਅਵਾ ਨਹੀਂ ਬੰਨ੍ਹਦਾ। ਉਸ ਨੂੰ ਇਹ ਪਤਾ ਹੈ ਕਿ ਪ੍ਰਗ ਖਲੋਣ ਲਈ ਨਾਮ ਦੀ ਅਟੁਟ ਕਮਾਈ ਅਤੇ ਉਚਾ ਆਚਰਨ ਸਹਾਈ ਹੁੰਦੇ ਹਨ। ਪਰ ਗੱਲ ਸਤਿਗੁਰੂ ਜੀ ਦੀ ਕਿਰਪਾ ਤੇ ਨਿਬੜਨੀ ਹੈ। ਇਸ ਲਈ ਸਿਖ ਜੀਵਨ ਪ੍ਰਯੰਤ ਨਿਮਾਣਾ ਹੋ ਕੇ ਸਤਿਗੁਰੂ ਜੀ ਦੀ ਬਖਸ਼ਸ਼ ਲਈ ਝੋਲੀ ਅੱਡੀ ਰਖਦਾ ਹੈ। ਸਿਖ ਸਦਾ ਜਾਚਕ ਰਹਿੰਦਾ ਹੈ ਤੇ ਸਤਿਗੁਰੂ ਦਾਤਾ। ਸਿਖ ਸਦਾ ਭਿਖਾਰੀ ਬਣ ਕੇ ਸਤਿਗੁਰੂ ਪਾਸੋਂ ਇਹੋ ਦਾਨ ਮੰਗਦਾ ਹੈ ਕਿ ਆਪਣੀ ਨਦਰ ਨਾਲ ਨਿਹਾਲ ਨਿਹਾਲ ਨਿਹਾਲ ਕਰ ਦਿਉ। ਉਸ ਨੂੰ ਜੀਅ ਦਾਨ ਦੀ ਸਦਾ ਲਾਲਸਾ ਬਣੀ ਰਹਿੰਦੀ ਹੈ। ਇਸ ਲਈ :—

ਜੇ ਗੁਰ ਝਿੜਕੇ ਤ ਮੀਠਾ ਲਾਗੈ, ਜੇ ਬਖਸੇ ਤ ਗੁਰ ਵਡਿਆਈ ॥੨੫॥

ਕਿਉਂਕਿ :—ਨਾਨਕ ਕਾ ਜੀਉ ਪਿੰਡੁ ਗੁਰੂ ਹੈ, ਗੁਰ ਮਿਲਿ ਤ੍ਰਿਪਤਿ ਅਘਾਈ ॥੩੧॥
(ਰਾਗ ਸੂਹੀ ਅਸਟ: ਮ: ੪, ਘਰ ੨, ਪੰਨਾ ੭੫੮)

## 'ਸੂਰਾ' ਵਲੋਂ ਗੁਰਮਤਿ ਪਰਚਾਰ ਲਈ ਟ੍ਰੈਕਟ ਤੇ ਪੁਸਤਕਾਂ

| | | | |
|---|---|---|---|
| ਪੂਰਬ ਜਨਮ ਕੇ ਮਿਲ ਸੰਜੋਗੀ | ੦-੦੦, ੭-੦੦ | ਖਾਲਸਾ ਰਹਿਤ ਕੇਸਕੀ (ਦਸਤਾਰ) | ੧-੦੦ |
| ਭਾ:ਸਾ:ਰਣਧੀਰ ਸਿੰਘ ਸ਼ਤਾਬਦੀ ਅੰਕ (ਸਚਿਤ੍ਰ) | ੨-੫੦ | ਗੁਰਬਾਣੀ ਦੀ ਪਾਰਸ ਕਲਾ (ਭਾ: ਸਾਹਿਬ ਕ੍ਰਿਤ) | ੦-੮੦ |
| ਰਹਿਤ ਮਰਯਾਦਾ ਅੰਕ | ੨-੫੦ | ਪ੍ਰਗਟੀ ਜੋਤਿ ਮਿਲ ਰਾਮ ਪਿਆਰੇ ,, | ੦-੯੦ |
| ਗੁਰਸਿਖ ਰਹਿਣੀ (ਪ੍ਰੋ: ਅਮਰਜੀਤ ਕੌਰ) | ੦-੮੦ | ਕੀ ਕੇਸ ਰਖਣੇ ਜ਼ਰੂਰੀ ਹਨ ? ,, | ੦-੬੦ |
| ਤਉ ਕਿਉ ਮੁਰਗੀ ਮਾਰੈ (ਤਲਵਾੜਾ ਜੀ) | ੧-੦੦ | ਗੁਰੁ ਮੇਰੈ ਸੰਗਿ ਸਦਾ ਹੈ ਨਾਲੇ ,, | ੦-੫੦ |
| HAIR—A Divine Gift | 0–40 | ਗੁਰਮਤਿ ਅਨਹਦ ਸ਼ਬਦ ,, | ੦-੪੫ |
| Dawn of Divine Wisdom | 0–75 | ਸ਼ਬਦ ਗੁਰੂ—ਸ੍ਰੀ ਗੁਰੂ ਗ੍ਰੰਥ ਸਾਹਿਬ ,, | ੦-੯੦ |
| ਲੜੀਦਾਰ ਸਰੂਪ—ਸ੍ਰੀ ਗੁਰੂ ਗ੍ਰੰਥ ਸਾਹਿਬ ਬਾਰੇ ਟ੍ਰੈਕਟ ਵਲੋਂ ਭਾਈ ਰਾਮ ਸਿੰਘ ਜੀ | | | ੦-੭੫ |
| ਸਿੱਖ ਇੱਕ ਵੱਖਰੀ ਕੌਮ (ਸੂਰਾ ਦਾ ਵਿਸ਼ੇਸ਼ ਤੇ ਅਮੋਲਕ ਅੰਕ, ਜਿਸ ਵਿਚ ੧੩ ਖੋਜ-ਭਰੇ ਲੇਖ ਸ਼ਾਮਲ ਹਨ) | | | ੫-੦੦ |



www.AKJ.Org

# ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ

## ਗੁਰੂ ਨਾਨਕ ਦਰਸ-ਹੁਲਾਸੜੀਆਂ

[ਵਲੋਂ—ਗੁਰਪੁਰ ਵਾਸੀ ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ]

ਵਿਗਸ ਵਿਗਾਸ ਪਰਗਾਸ ਮੁਖ ਰਮਨੀ ਤੇ, ਨਾਨਕ ਭਾਨਾਨ ਭਾਨ ਰਿਦੇ ਪ੍ਰਗਟਾਏ ਹੈਂ ।
ਪ੍ਰਗਟ ਭਏ ਹੈਂ ਗੁਰ ਨਾਨਕ ਭਾਨਾਨ ਭਾਨ, ਅਧਿਭੁਤ ਜੋਤਿ ਰਸੁ ਹਿਰਦੇ ਰਸਾਏ ਹੈਂ ।
ਰਸਕ ਰਸਾਏ ਜੋਤਿ ਜਗਤ ਜਗਾਏ ਘਟਿ, ਅਣੀ ਕਣੀ ਹੋਇ ਹੀਰੈ ਹੀਰਨ ਬਿਧਾਏ ਹੈਂ ।
ਜਗ-ਮਗ ਜੋਤਿ ਘਟ-ਮੰਦਰ ਦਮਕ ਉਠੇ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੪॥

ਪਾਵਨ ਪੁਨੀਤ ਭਈ ਪਰਸ ਸਰਸ ਪਗ, ਜੋਤਿ-ਰਸ-ਦੀਪ ਘਟਿ ਜਗਨ ਜਗਾਏ ਹੈਂ ।
ਲਟ ਲਟ ਚਾਨਣ ਚਰਾਗ ਘਟ ਮਾਹਿ ਲਸੇ (ਬਲੇ), ਅੰਵਣ ਭਵਨ ਨਭ ਰੋਸ਼ਨ ਕਰਾਏ ਹੈਂ ।
ਨਭ ਰੁਸ਼ਨਾਏ ਨਾਭਿ ਦੀਪਕ ਦਿਪਾਏ, ਕੋਟਿ ਸੂਰ ਉਜਰਾਏ ਤੇਜ ਅਮਿੱਤ ਜੋਤਾਏ ਹੈਂ ।
ਅਮਿੱਤ ਪ੍ਰਕਾਸ਼ ਤੇਜ ਬੀਜਲ ਬਿਮਲ ਜੋਤਿ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੫॥

ਆਜ ਮੋਰ ਆਏ ਮਿਤ੍ਰ ਪਾਵਨ ਪਵਿਤ੍ਰ ਚੋਜ, ਚਲਤ ਚਰਿੱਤਰ ਬਚਿੱਤਰ ਰਚਾਏ ਹੈਂ ।
ਦਿੱਬ ਰੂਪ ਏਕ ਆਭਾ ਅਮਿੱਤ ਸਰੂਪ ਦਸ, ਭਿੰਨ ਭਿੰਨ ਨਾਹਿ ਭਿੰਨ ਦ੍ਰਿਸ਼ ਦ੍ਰਿਸਾਏ ਹੈਂ ।
ਅਧਿਭੁਤ ਗਤਿ ਦੇਖਿ ਅਖੀਆਂ ਚਕਤ ਭਈ, ਬਿਸਮ ਸਰੂਪ ਪੇਖਿ ਅੱਤ ਬਿਸਮਾਏ ਹੈਂ ।
ਬਿਸਮ ਮੂਰਤਿ ਧਾਰੀ ਨਾਨਕ ਨਿਰੰਕਾਰੀ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੬॥

ਬਿਸਮ ਆਕਾਰ ਧਾਰਿ ਆਪ ਹੀ ਨਿਰੰਕਾਰ, ਹੋਇ ਨਿਰੰਕਾਰੀ ਗੁਰੂ ਨਾਨਕ ਕਹਾਏ ਹੈਂ ।
ਏਕ ਮੇਂ ਅਨੇਕ ਫੁਨ ਏਕ ਹੀ ਗੁਰੂ ਸਰੂਪ, ਇੱਕ ਨਾ ਅਨਿੱਕ ਗੁਰੂ ਨਾਨਕ ਰੂਪਾਏ ਹੈਂ ।
ਜਲਵ ਜਲਾਲ, ਤੇਜ ਤੇਜਸ੍ਵੀ ਜਮਾਲ ਪੁੰਜ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੭॥

ਆਏ ਹੈਂ ਮਿਤਰ ਮੇਰੇ ਤੇਜਸੀ ਜਮਾਲ ਪੁੰਜ, ਜਲਵ ਜਲਾਲ ਸੁ ਕਮਾਲ ਦਿਖਰਾਏ ਹੈਂ ।
ਦੇਖਿ ਦੇਖਿ ਦਰਸਨ ਆਕਲ ਬਿਕਲ ਭਈ, ਸੁੱਧਿ ਬੁੱਧਿ ਹੋਸ਼ ਜੋਸ਼ ਸਭਿ ਬਿਸਰਾਏ ਹੈਂ ।
ਬਿਸਰਾਏ ਹੋਸ਼, ਨ ਜੁਸ਼ਾਏ ਜੋਸ਼, ਸ਼ਾਂਤ ਭਈ, ਮਹਾਂ ਸੁਖ-ਮਈ ਸ਼ਾਂਤ ਰਸ ਉਮਗਾਏ ਹੈਂ ।
ਉਮਗਿ ਉਮਗਿ ਰਸ ਟੁਲਿ ਟੁਲਿ ਪੁਲਕਤ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੮॥

ਟੁਲਿ ਟੁਲਿ ਪੁਲਕਤ ਉਮਗਿ ਉਮਗਿ ਰਸੁ, ਅਜਰ ਜਰਨ ਜੀਉਰਨ ਜੀਉਰਾਏ ਹੈਂ ।
ਜੀਉਰ ਜੀਉਰ ਰਸ ਪੀਉ ਪੀਉ ਖੀਉ ਖੀਉ, ਖਿਰਨਿ ਖਿਰਨਿ ਖੀਉਰਨ ਖਿਉਰਾਏ ਹੈਂ ।
ਖੀਉਰਿ ਖੀਉਰਿ ਰਸ ਖਿਰਿ ਖਿਰਿ ਬਿਸਮਤ, ਬਿਸਮਿ ਬਿਸਮਿ ਵਿਗਸਾਤ ਵਿਗਸਾਏ ਹੈਂ ।
ਵਿਗਸਿ ਵਿਗਸਿ ਜੋਤਿ-ਰਸਿ ਲਿਵ ਲੀਨ ਭਈ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੯॥

ਮਿਤ੍ਰ ਮੋਰੇ ਆਏ ਆਜ ਭਇਆ ਹੈ ਮੰਗਲ ਸਾਜ, ਪੂਰਨ ਭਏ ਹੈਂ ਕਾਜ ਕਾਮਨਾ ਪੁਜਾਏ ਹੈਂ ।
ਕਾਮਨਾ ਪੁਜਾਏ ਫਲ ਬਾਂਛਤ ਸਗਲ ਪਾਏ, ਲਾਲ ਘਰਿ ਆਏ ਗੁਣ ਸੋਹਿਲੜੇ ਗਾਏ ਹੈਂ ।
ਸੋਹਿਲੜੇ ਗਾਏ ਅਨਹਦ ਬੇਨ ਵਾਏ, ਘਰਿ ਘਰਿ ਕੀਰਤਨ ਪੁਰਬ ਮਨਾਏ ਹੈਂ ।
ਕੀਰਤਨ ਕਰਿ ਗੁਰਪੁਰਬ ਮਨਾਏ ਘਰਿ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ॥੧੦॥



www.AKJ.Org

ਮੋਰੇ ਘਰਿ ਆਏ ਗੁਰ ਨਾਨਕ ਪਾਵਨ ਵਰ, ਭਵਨ ਭੰਡਾਰ ਦੁਆਰ ਮੰਦਰ ਸੁਹਾਏ ਹੈਂ।
ਭਵਨ ਭੰਡਾਰ ਬੰਕ ਦੁਆਰੜੇ ਸੁਹਾਏ, ਗ੍ਰਿਹ ਮੰਦਰ ਬਨਾਏ ਸੋਜ ਸੁੰਦਰ ਸੁਹਾਏ ਹੈਂ।
ਸੁੰਦਰ ਮੰਦਰ ਸੋਜ ਮੋਜ ਸਜ ਧਜ, ਮਹਿਮਾ ਮਹੱਤ ਕਛ ਕਥਨ ਨ ਜਾਏ ਹੈਂ।
ਕਥਨ ਅਕੱਥ ਗੱਤਿ ਮਹਿਮਾ ਮਹੱਤ ਗੁਰ, ਪਾਵਨ ਪਵਿਤ੍ਰ ਮਿਤ੍ਰ ਆਜ ਮੋਰੇ ਆਏ ਹੈਂ ।।੧੧।।

ਪਾਵਨ ਪਵਿਤ੍ਰ ਪੂਜਜ ਪਾਹੁਨੜੇ ਆਏ ਮੋਰੇ, ਸੀਨੜੇ ਸਜਾਏ ਸੇਜ ਆਸਨ ਜਮਾਏ ਹੈਂ।
ਸੇਜੜੀ ਸਜਾਇ ਰੁਚ ਤਖਤ ਡਸਾਇ ਉਤੇ, ਅਖੀਆਂ ਵਿਛਾਇ ਪਿਰੀ ਪਾਹੁਨ ਬਿਠਾਏ ਹੈਂ।
ਪਾਹੁਨ ਮਹਿੰਜੇ ਪਿਰੀ ਪਾਤਸ਼ਾਹੁ ਆਇ ਵੂਠੇ, ਵੱਠਿ ਵੱਠਿ ਤੁੱਠਿ ਤੁੱਠਿ ਮੁਠਣਿ ਮੁਠਾਏ ਹੈਂ।
ਮੁੱਠਿ ਮੁੱਠਿ ਕੁੱਠਿ ਕੁੱਠਿ ਘੁੱਟਿ ਘੁੱਟਿ ਪਿਆਰ ਕਰਿ, ਲੁਟਣ ਲੁਟਾਏ ਮੰਦ ਮੰਦ ਮੁਸਕਾਏ ਹੈਂ ।।੧੨।।

ਲੋਟ ਪੋਟ ਕਰਿ ਮੰਦ ਮੰਦ ਮੁਸਕਾਏ ਪੀਆ, ਹੇਲ ਮੇਲ ਕੇਲਿ ਕਰਿ ਬਾਹੁੜੀ ਵਲਾਏ ਹੈਂ।
ਬਾਹੁੜੀ ਵਲਾਏ ਕੈ ਲਡਾਏ ਲਾਡ ਲਡਿ ਲਡਿ, ਵੱਸਿ ਆਇ ਪਿਰ ਫਿਰਿ ਛੁੱਟੇ ਨ ਛੁਟਾਏ ਹੈਂ।
ਪੂਰਨ ਪੁਰਖੁ ਗੁਰੁ ਪੂਰਨ ਬਿਰਦਪਾਲ, ਪੂਰਨ ਪ੍ਰੀਤ-ਰੀਤ ਪੂਰਨ ਪੂਰਾਏ ਹੈਂ।
ਪੂਰਨ ਪੂਰਨਮਾਸਿ ਚੜ੍ਹਿਆ ਅਕਾਸ ਚੰਦ, ਰਿਦੈ ਪ੍ਰਕਾਸੁ ਪਰੀਪੂਰਨ ਰਹਾਏ ਹੈਂ ।।੧੩।।

ਪੂਰਨ ਪ੍ਰਕਾਸ਼ ਪੂਰਾ ਪੁੰਨਿਓਂ ਅਕਾਸਿ ਚੰਦ, ਘਟਿ ਜੋਤਿ ਦੀਵਟੀ ਸਦੀਵ ਹੀ ਜਗਾਏ ਹੈਂ।
ਦੀਪਕ ਜਗਾਇ ਘਟਿ ਆਰਤੀ ਉਤਰਵਾਇ, ਆਪਨੀ ਹੀ ਆਪਿ ਗੁਰੁ ਪੂਜਾ ਕਰਵਾਏ ਹੈਂ।
ਸਦੋ ਨੌ-ਬਹਾਰ ਸਸਿ-ਭਾਨ ਪ੍ਰਕਾਸ ਰੁਤਿ, ਕਾਰਤਕ ਮਾਸ ਗੁਰ ਪੁੰਨਮ ਮਨਾਏ ਹੈਂ।
ਕਾਰਤਕ ਮਾਸ ਗੁਰ ਪੁੰਨਮ ਸਦੀਵ ਤਾ ਕੈ, ਜਾ ਕੈ ਗੁਰ ਨਾਨਕ ਜੋਤੀਸ਼ ਪ੍ਰਗਟਾਏ ਹੈਂ ।।੧੪।।
ਪ੍ਰਗਟੇ ਜੋਤੀਸ਼ ਗੁਰੁ ਚਾਨਣੁ ਜਗਤਿ ਭਇਆ, ਮਿਟ ਗਈ ਧੁੰਦ ਅੰਧਕਾਰ ਬਿਨਸਾਏ ਹੈਂ।
ਜੈਸੇ ਦਿਨਕਰ ਉਦੇ ਹੋਤ ਉਡਗਨਿ ਛਪਹਿ, ਧਰਤਿ ਆਕਾਸ ਉਜਿਆਰ ਉਜਰਾਏ ਹੈਂ।
ਮ੍ਰਿਗ-ਰਾਜ ਬੁਕੇ ਮ੍ਰਿਗਾਵਲੀ ਪਲਾਇ ਜਾਤ, ਇਕ ਛਿਨ ਪਲ ਭਰ ਧੀਰ ਨ ਧਰਾਏ ਹੈਂ।
ਧੀਰਨ ਧੀਰਾਨ ਗੁਰ ਪੀਰਨ ਪੀਰਾਨ ਗੁਰ, ਕਲਿਜੁਗ ਮਹਿ ਅਵਤਾਰ ਧਾਰਿ ਆਏ ਹੈਂ ।।੧੫।।

[੨੧ ਨਵੰਬਰ ੧੯੩੪, ਕੱਤਕ ਪੂਰਨਮਾਸ਼ੀ, 'ਦਰਸ਼ਨ ਝਲਕਾਂ' ਪੁਸਤਕ ਵਿਚੋਂ

## ਔਖੇ ਸ਼ਬਦਾਂ ਦੇ ਅਰਥ

ਬੰਦ ੪ = ਭਾਨਾਨ ਭਾਨ = ਸੂਰਜਾਂ ਦਾ ਸੂਰਜ। ਅਧਿਭੁਤ = ਅਸਚਰਜ। ਬੰਦ ੫—ਪਰਸ ਸਰਸ ਪਗ = ਚਰਨ ਪਰਸ ਕੇ ਖਿੜ ਗਈ। ਕੋਟਿ ਸੂਰ = ਕਰੋੜਾਂ ਸੂਰਜ। ਬੰਦ ੬—ਆਭਾ = ਸੋਭਾ। ਚਕਿਤ = ਚਕ੍ਰਿਤ। ਬਿਸਮ = ਅਸਚਰਜ। ਬੰਦ ੮—ਟੁਲਿ ਟੁਲਿ = ਉਛਲ ਉਛਲ। ਪੁਲਕਤ = ਖੇੜੇ ਵਿਚ।

ਬੰਦ ੯—ਜੀਉਰਨ ਜੀਉਰਾਇ = ਅੰਦਰੇ ਅੰਦਰ ਨਾਮ'ਰਸ ਨੂੰ ਜਰਨਾ। ਖੀਉ ਖੀਉ = ਖੀਵੇ ਹੋ ਹੋ ਕੇ। ਖਿਰਨਿ ਖਿਰਨਿ = ਖਿੜ ਖਿੜ ਕੇ। ਖੀਉਰਨ ਖਿਉਰਾਏ = ਖੀਵੇ ਹੋ ਕੇ ਅੰਦਰੇ ਅੰਦਰ ਮਸਤੀ ਨੂੰ ਮਾਣਨਾ। ਬੰਦ ੧੧—ਬਾਹੁੜੀ ਵਲਾਏ = ਗਲਵਕੜੀ ਵਿਚ ਲੈਣਾ। ਬੰਦ ੧੪—ਸਸਿ ਭਾਨ ਪ੍ਰਕਾਸ਼ = ਸੂਰਜ ਸਮਾਨ ਚੰਦਰਮਾ ਦਾ ਪ੍ਰਕਾਸ਼। ਬੰਦ ੧੫—ਦਿਨਕਰ = ਸੂਰਜ। ਉਡਗਨਿ = ਤਾਰੇ। ਮ੍ਰਿਗ ਰਾਜ = ਸ਼ੇਰ। ਪਲਾਇ ਜਾਤ = ਭਜ ਜਾਂਦੀ ਹੈ।

---

**ਸਿੱਖ : ਇਕ ਵਖਰੀ ਕੌਮ**—ਭਾ: ਸਾ: ਭਾਈ ਰਣਧੀਰ ਸਿੰਘ ਜੀ ਦੇ ਨਾਲ ਹੀ ੧੧ ਵਿਦਵਾਨਾਂ ਦੇ ਖੋਜ ਭਰਪੂਰ ਠਿਗਰ ਵਾਕਫ਼ੀ ਵਾਲੇ ਲੇਖ ਇਸ ਅੰਕ ਵਿਚ ਹਨ। ਭੇਟਾ ਪੰਜ ਰੁਪਏ



www.AKJ.Org

# ਗੁਰੂ ਨਾਨਕ-ਉਪਕਾਰ

[ਵਲੋਂ :—ਗਿ: ਗੋਪਾਲ ਜੀ ਮਿੱਤਰ, ਮਾਲਬ]

ਦੇਣ ਵਾਸਤੇ ਅਮਨ-ਸੰਦੇਸ਼ ਜੱਗ ਨੂੰ, ਹੋਇਆ ਜੱਗ ਤੇ ਹੈਸੀ ਅਵਤਾਰ ਤੇਰਾ।
ਸੂਰਨ ਅਖਰਾਂ ਨਾਲ ਇਤਿਹਾਸ ਅੰਦਰ, ਲਿਖਿਆ ਗਿਆ ਏ ਮਾਨਵ-ਪਿਆਰ ਤੇਰਾ।
ਜਨਮ ਸਫਲ ਹੋਇਆ ਉਸ ਦਾ ਜੱਗ ਅੰਦਰ, ਜਿਸ ਨੇ ਆਣ ਕੇ ਕੀਤਾ ਦੀਦਾਰ ਤੇਰਾ।
ਕਟਿਆ ਗਿਆ ਚੁਰਾਸੀ ਦਾ ਗੇੜ ਉਸ ਦਾ, ਜਿਸ ਨੂੰ ਹੋਇਆ ਦੀਦਾਰ ਇਕ ਵਾਰ ਤੇਰਾ।੧।

ਛੁਪੀ ਹੋਈ ਸੀ ਕੋਈ ਅਗੰਮ ਸ਼ਕਤੀ, ਤੇਰੀ ਰੱਬੀ ਰਬਾਬ ਦੀ ਤਾਰ ਅੰਦਰ।
ਮਸਤ ਹੋ ਗਿਆ ਮਿਠੀ ਆਵਾਜ਼ ਸੁਣ ਕੇ, ਜੋ ਵੀ ਪਹੁੰਚਿਆ ਤੇਰੇ ਦਰਬਾਰ ਅੰਦਰ।
ਇਕ ਤਰਬ ਨੇ ਟੁੰਬਿਆ ਜਜ਼ਬਿਆਂ ਨੂੰ, ਖੀਵਾ ਹੋ ਗਿਆ ਪ੍ਰੇਮ-ਖ਼ੁਮਾਰ ਅੰਦਰ।
ਇਕੋ ਸੁਰ ਨੇ ਸੁੰਨ-ਸਮਾਨ ਕੀਤਾ, ਰੰਗਿਆ ਗਿਆ ਉਹ ਰੱਬੀ ਪਿਆਰ ਅੰਦਰ।੨।

ਜੀਵਨ ਦੇ ਗਈ ਤੇਰੀ ਇਕ ਨੈਣ-ਤਕਣੀ, ਕੌਡੇ ਵਰਗਿਆਂ ਦੋਖੀ ਹਤਿਆਰਿਆਂ ਨੂੰ।
ਤੇਰੇ ਪ੍ਰੇਮ-ਸੰਦੇਸ਼ ਨੇ ਅਮਰ ਕੀਤਾ, ਸੱਜਣ ਠੱਗ ਜਹੇ ਕਰਮਾਂ ਦੇ ਮਾਰਿਆਂ ਨੂੰ।
ਰੰਗ ਲਾ ਗਿਆ ਦਾਤਿਆ ਸੰਗ ਤੇਰਾ, ਲਾਲੋ ਵਰਗਿਆਂ ਰੱਬ ਦੇ ਪਿਆਰਿਆਂ ਨੂੰ।
ਦੇ ਗਈ ਚਾਨਣਾ ਵਧ ਚਰਨ-ਛੋਹ ਤੇਰੀ, ਲੱਖਾਂ ਇਹੋ ਜਹੇ ਅਰਸ਼ ਦੇ ਤਾਰਿਆਂ ਨੂੰ।੩।

ਦਾਤਾ ! ਵੇਖ ਸਮਾਜ-ਕੁਰੀਤੀਆਂ ਨੂੰ, ਤੈਨੂੰ ਦੇਸ਼-ਸੁਧਾਰ ਦਾ ਖ਼ਿਆਲ ਆਇਆ।
ਕਿਤੇ ਵੇਖ ਕੇ ਰੋਂਦੇ ਮਜ਼ਲੂਮ, ਤੇਰੇ ਮਿਹਰਵਾਨ ਮਨ ਅੰਦਰ ਮਲਾਲ ਆਇਆ।
ਜਗਤ-ਦਰਦੀਆ ! ਪੀੜ ਪਰਾਈ ਤਕ ਕੇ, ਬੋਲਾਂ ਤੇਰਿਆਂ ਵਿਚ ਉਬਾਲ ਆਇਆ।
ਰੱਬੀ ਰਹਿਮਤਾਂ ਹੀ ਸਦਾ ਵੰਡਦਾ ਰਹਿਓਂ, ਐਸਾ ਜਜ਼ਬਿਆਂ ਵਿਚ ਜਲਾਲ ਆਇਆ।੪।

ਮਸਤ ਹੁੰਦਾ ਸੀ ਸਾਰਾ ਬ੍ਰਹਿਮੰਡ, ਤੇਰੀ ਸਤਿਨਾਮ ਦੀ ਮਿੱਠੀ ਆਵਾਜ਼ ਸੁਣ ਕੇ।
ਨੱਚਣ ਲਗ ਪਵੇ ਇਹ ਕਾਇਨਾਤ ਸਾਰੀ, ਤੇਰੇ ਸੋਹਣੇ ਰਬਾਬ ਜਿਹਾ ਸਾਜ਼ ਸੁਣ ਕੇ।
ਚੰਨ ਤਾਰੇ ਵੀ ਝੁਕ ਝੁਕ ਨਿਵਾਣ ਮਸਤਕ, ਤੇਰਾ ਉੱਚ ਵਿਚਾਰ-ਪਰਵਾਜ਼ ਸੁਣ ਕੇ।
ਠੱਗ ਚੋਰ ਪਾਪੀ ਪਾਮਰ ਆਉਣ ਨੱਸੇ, ਭਵਜਲ ਤਾਰਦਾ ਬਾਣੀ-ਜਹਾਜ਼ ਸੁਣ ਕੇ।੫।

ਚਰਨ-ਧੂੜ ਤੇਰੀ ਮੱਥੇ ਲਾਉਣ ਦੇ ਲਈ, ਲਖਾਂ ਕਾਮ-ਧੇਨਾਂ ਸੇਵਾ ਕਰਦੀਆਂ ਨੇ।
ਦਾਤ ਮੁਕਤਿ ਦੀ ਲੈਣ ਲਈ ਦਰ ਤੇਰੇ, ਲੱਖਾਂ ਦੇਵੀਆਂ ਆ ਪਾਣੀ ਭਰਦੀਆਂ ਨੇ।
ਜਿਹੜੀ ਜਿਹਬਾ ਵੀ ਆਖੇ 'ਧੰਨ ਗੁਰੂ ਨਾਨਕ', ਜਨਮ ਜਨਮ ਦੀਆਂ ਪੀੜਾਂ ਹਰਦੀਆਂ ਨੇ।
ਸਿਦਕ ਧਾਰ ਕੇ ਜਿਹੜਾ ਵੀ ਸ਼ਰਨ ਆਵੇ, ਉਹਦੀਆਂ ਬੇੜੀਆਂ ਭਵਜਲੋਂ ਤਰਦੀਆਂ ਨੇ।੬।

ਜਨਮ ਜਨਮ ਦੀਆਂ ਸੁਤੀਆਂ ਆਤਮਾਵਾਂ, ਝੂਣ ਝੂਣ ਕੇ ਆਣ ਜਗਾਈਆਂ ਤੂੰ।
ਮਾਨਵ-ਧਰਮ ਦਾ ਸੁੱਚਾ ਸੰਦੇਸ਼ ਦੇ ਕੇ, ਕਢੀਆਂ ਹਿਰਦਿਆਂ ਚੋਂ ਊਣਤਾਈਆਂ ਤੂੰ।
ਦੂਈ ਈਰਖਾ ਦ੍ਵੈਤ ਦੇ ਫੱਟੜਾਂ ਨੂੰ, ਪਿਆਰ-ਮਰਹਮ ਦੀਆਂ ਪੱਟੀਆਂ ਲਾਈਆਂ ਤੂੰ।
ਤੇਰੇ ਬੋਲਾਂ ਨੇ ਜਾਦੂ ਦਾ ਅਸਰ ਕੀਤਾ, ਵੰਡੀਆਂ ਮਿਹਰ ਮੁਹੱਬਤ-ਦਵਾਈਆਂ ਤੂੰ।੭।



www.AKJ.Org

ਤੇਰੀ ਅਮਨ ਦੀ ਥੀਊਰੀ ਨੂੰ ਵਾਚ ਕੇ ਤੇ, ਕਾਇਲ ਹੋ ਗਿਆ ਸਾਰਾ ਸੰਸਾਰ ਦਿਸਦੈ।
'ਰੂਸ' ਜਿਹਾ ਜੰਗਬਾਜ਼ ਵੀ ਅੱਜ ਵੇਖੋ, ਅਮਨ ਕਾਇਮੀ ਲਈ ਪੱਬਾਂ-ਭਾਰ ਦਿਸਦੈ।
ਤੇਰੇ ਭ੍ਰਾਤਰੀ-ਭਾਵ ਦਾ ਸਦਾ ਦੇ ਲਈ, ਸੁਪਨਾ ਹੋਂਵਦਾ ਮੈਨੂੰ ਸਾਕਾਰ ਦਿਸਦੈ।
ਕੀ ਹੋਇਆ ਜੇ ਕੋਈ ਅਣਮੰਨ ਮੂਰਖ, ਕਰਦਾ ਅਜ ਵੀ ਹਥਿਆਰ ਤਿਆਰ ਦਿਸਦੈ।੮।

ਵਿਥਾਂ ਵਿਤਕਰੇ ਜੱਗ ਦੇ ਮੇਟਦੀ ਏ, ਉਚਰੀ ਹੋਈ ਤੇਰੀ ਅਪਰੰਪਾਰ ਬਾਣੀ।
ਧਰਮ ਅਰਥ ਅੱਤੇ ਕਾਮ ਮੋਖ ਦੇਵੇ, ਜੋ ਵੀ ਪੜ੍ਹੇ ਤੇ ਸੁਣੇ ਵਿਚਾਰ ਬਾਣੀ।
ਮਨੂਆ ਆਤਮਾਨੰਦ ਵਿਚ ਜੁੜੇ ਜਾ ਕੇ, ਦੇਵੇ ਭਵਜਲੋਂ ਪਾਰ-ਉਤਾਰ ਬਾਣੀ।
ਜਨਮ ਜਨਮ ਦੇ ਤਪਦਿਆਂ ਹਿਰਦਿਆਂ ਨੂੰ, ਚੰਦਨ ਵਾਂਗ ਕਰਦੀ ਠੰਡਾ ਠਾਰ ਬਾਣੀ।੯।

ਸੁਰਨ-ਅਖਰਾਂ ਨਾਲ ਇਤਿਹਾਸ ਅੰਦਰ, ਲਿਖੇ ਗਏ ਜੋ ਪੂਰਨੇ ਪਾ ਗਇਓਂ ਤੂੰ।
ਚੰਦਨ ਵਾਂਗ ਸੁਗੰਧਿ ਖਿਲਾਰਦੇ ਨੇ, ਬੂਟੇ ਜੇਹੜੇ ਪਿਆਰ ਦੇ ਲਾ ਗਇਓਂ ਤੂੰ।
ਰਹਿਸਨ ਗੂੰਜਦੇ ਸਦਾ ਫ਼ਿਜ਼ਾ ਅੰਦਰ, ਨਗਮੇ ਜੇਹੜੇ ਮੁਹੱਬਤ ਦੇ ਗਾ ਗਇਓਂ ਤੂੰ।
ਜਿਸ ਨੇ ਸੁਣ ਲਿਆ ਅਮਰ-ਉਪਦੇਸ਼ ਤੇਰਾ, ਉਹਨੂੰ ਰੱਬ ਦੇ ਨਾਲ ਮਿਲਾ ਗਇਓਂ ਤੂੰ।੧੦।

ਜੇਹੜੇ ਕੀਤੇ ਉਪਕਾਰ ਤੂੰ ਜੱਗ ਉੱਤੇ, ਕੌਣ ਲਿਖ ਸਕਦੈ 'ਐ ਦਾਤਾਰ' ਤੇਰੇ।
ਜਦੋਂ ਤੀਕ ਕਾਇਮ ਸੂਰਜ ਚੰਨ ਤਾਰੇ, ਕਦੀ ਭੁੱਲਣੇ ਨਹੀਂ ਉਪਕਾਰ ਤੇਰੇ।
ਦੇਂਦੇ ਰਹਿਣਗੇ ਚਾਨਣ ਸਦੀਵ ਜਗ ਨੂੰ, ਦਿੱਤੇ ਹੋਏ ਸੰਦੇਸ਼-ਪਿਆਰ ਤੇਰੇ।
ਤੇਰੀ ਯਾਦ ਨੂੰ ਕਰ ਕਰ ਕੇ ਯਾਦ 'ਮਿੱਤਰ', ਜਸ ਗਾਉਂਦਾ ਰਹਿਸੀ ਸੰਸਾਰ ਤੇਰੇ।੧੧।

---

## ਜ਼ਿੰਦਾ ਕੌਮਾਂ ਦੇ ਸੰਘਰਸ਼

ਜ਼ਿੰਦਾਂ ਕੌਮਾਂ ਦੇ ਸੰਘਰਸ਼ ਕਦੇ ਮੁੱਕਿਆ ਨਹੀਂ ਕਰਦੇ। ਸੰਘਰਸ਼-ਹੀਣ ਹੋ ਕੇ ਸੌਂ ਰਹਿਣਾ ਮੁਰਦਾ ਕੌਮਾਂ ਦੀ ਨਿਸ਼ਾਨੀ ਹੈ। ਸੰਘਰਸ਼ ਨਾਲ ਕੌਮ ਵਿੱਚ ਨਵਾਂ ਜੀਵਨ ਦੇਣ ਵਾਲਾ ਉਤਸ਼ਾਹ ਤੇ ਜੋਸ਼ ਪੈਦਾ ਹੁੰਦਾ ਹੈ।

ਜ਼ਿੰਦਾ ਕੌਮਾਂ 'ਭੈ ਕਾਹੂ ਕਉ ਦੇਤ ਨਹਿ, ਨਹਿ ਭੈ ਮਾਨਤ ਆਨਿ' ਦੇ ਆਸ਼ੇ ਅਨੁਸਾਰ ਕਿਸੇ ਦੀ ਈਨ ਨਹੀਂ ਮੰਨਦੀਆਂ। ਜੇ ਉਨ੍ਹਾਂ ਨੂੰ ਤਾਕਤ ਅਖਵਾ ਸੱਤਾ ਮਿਲ ਜਾਵੇ ਤਾਂ ਵੀ ਉਹ ਵਿਰੋਧੀਆਂ ਨੂੰ ਜ਼ਲੀਲ ਕਰ ਕੇ ਨੀਚਾ ਦਿਖਾਉਣ ਦੀ ਕੋਸ਼ਿਸ਼ ਨਹੀਂ ਕਰਦੀਆਂ। ਮਹਿਕੂਮ ਹੋ ਕੇ ਮਜ਼ਲੂਮ ਬਣੇ ਰਹਿਣਾ ਤੇ ਹਾਕਮ ਬਣ ਕੇ ਜ਼ੁਲਮ ਕਰਦੇ ਰਹਿਣਾ ਮੁਰਦਾ ਕੌਮਾਂ ਦੇ ਲੱਛਣ ਹਨ। [ਸ: ਪ੍ਰਿਥੀਪਾਲ ਸਿੰਘ ਜੀ ਕਪੂਰ

---


## ਭਾਈ ਸਾਹਿਬ ਭਾਈ ਰਣਧੀਰ ਸਿੰਘ ਜੀ ਲਿਖਤ ਪੁਸਤਕਾਂ

ਗੁਰਮਤਿ ਬਿਬੇਕ ੭-੫੦ ਜੇਲ੍ਹ ਚਿਠੀਆਂ ੧੫-੦੦
ਗੁਰਮਤਿ ਨਾਮ ਅਭਿਆਸ ਕਮਾਈ ੬-੫੦
ਅਨਹਦ ਸ਼ਬਦ ਦਸਮ ਦੁਆਰ ੬-੦੦
ਕੀ ਗੁਰੂ ਗ੍ਰੰਥ ਸਾਹਿਬ ਦੀ ਪੂਜਾ ਬੁਤਪ੍ਰਸਤੀ ਹੈ? ੩-੭੫
ਗੁਰਮਤਿ ਸੰਬੰਧੀ ਸ਼ੰਕਿਆਂ ਦੇ ਉਤਰ ੦-੯੦
ਨਾਮ ਸੰਬੰਧੀ ਵਿਚਾਰ ੦-੯੦
ਆਸਤਕ ਤੇ ਨਾਸਤਕ ੦-੩੫
ਤਿਮਰ ਅਗਿਆਨ ਤੋਂ ਉਜਿਆਰਾ ੦-੩੦
ਸਿੰਘਾਂ ਦਾ ਪੰਥ ਨਿਰਾਲਾ ੧-੦੦
ਅੰਮ੍ਰਿਤ ਕਲਾ ੧-੦੦
ਕੋ ਵਿਰਲਾ ਗੁਰਮਤਿ ਚਲੈ ਜੀਉ ੦-੫੦
ਰੰਗਲੇ ਸਜਣ ੭-੦੦ ਅਣਡਿਠੀ ਦੁਨੀਆ ੧੦-੦੦
ਸਚਖੰਡ ਦਰਸ਼ਨ ੧-੭੫ ਦਰਸ਼ਨ ਝਲਕਾਂ ੫-੦੦
ਝਟਕਾ ਮਾਸ ਪ੍ਰਥਾਇ ਤੱਤ ਗੁਰਮਤਿ ਨਿਰਣਯ ੪-੦੦
ਵਾਹਿਗੁਰੂ ਸਿਮਰਨ ੦-੫੦
ਜ਼ਾਹਰਾ ਜ਼ਹੂਰ ਗੁਰੂ ਗੋਬਿੰਦ ਸਿੰਘ ੦-੨੫
ਉਮਰ ਕੈਦੀ ਦਾ ਸੁਪਨਾ ੦-੭੫
ਅਦ੍ਰਿਸ਼ਟ ਵਾਹਿਗੁਰੂ ਦੇ ਪਰਤੱਖ ਦਰਸ਼ਨ ੦-੬੦
ਸਿੱਖੀ ਸਿਦਕ ਤੇ ਧਰਮ ਰੱਖਿਆ ੦-੬੦
ਬਾਬਾ ਵੈਦ ਰੋਗੀਆਂ ਦਾ ੦-੬੦
ਸੱਚੀਆਂ ਦਾੜ੍ਹੀਆਂ ੦-੪੦ ਸਿਖ ਕੌਣ ਹੈ? ੦-੪੦
ਨਿਰਬਾਣ ਕੀਰਤਨੀ ਜਥੇ ਦੇ ਸਿੰਘਾਂ ਦੀ ਦਾਸਤਾਨ ੦-੮੦


www.AKJ.Org

# ਸੁਨਹੁ ਰੇ ਤੂ ਕਉਨੁ ?

[ਮਾਸਟਰ ਤਾਰਾ ਸਿੰਘ ਜੀ]

ਮੈਂ ਵੇਖਦਾ ਹਾਂ, ਸੁਣਦਾ ਹਾਂ, ਮੈਂ ਚੱਖਦਾ ਹਾਂ, ਮੈਂ ਛੋਂਹਦਾ ਹਾਂ, ਮੈਂ ਸੁੰਘਦਾ ਹਾਂ। ਜੋ ਕੁਝ ਮੈਂ ਵੇਖਦਾ ਸੁਣਦਾ ਹਾਂ ਉਹ ਭਾਵੇਂ ਹੈ ਤੇ ਭਾਵੇਂ ਨਹੀਂ, ਪਰ ਇਸ ਗੱਲ ਦਾ ਤਾਂ ਮੈਨੂੰ ਸਿੱਧਾ ਪਤਾ ਹੈ ਕਿ ਮੇਰੇ ਉਤੇ ਇਹ ਅਸਰ ਹੋ ਰਹੇ ਹਨ। ਮੈਨੂੰ ਇਸ ਗੱਲ ਦੇ ਸਬੂਤ ਦੀ ਲੋੜ ਨਹੀਂ ਹੈ ਕਿ ਇਹ ਠੀਕ ਹੈ ਕਿ ਨਹੀਂ, ਜੁ ਮੈਂ ਵੇਖਦਾ ਜਾਂ ਸੁਣਦਾ ਹਾਂ। ਇਹ ਤਾਂ ਸਿੱਧਾ ਗਿਆਨ ਮੈਨੂੰ ਹੈ। ਹੋਰ ਗਿਆਨ ਜੋ ਦਲੀਲ ਨਾਲ ਜਾਂ ਕਿਸੇ ਹੋਰ ਵਿੰਗੇ ਤ੍ਰੀਕੇ ਨਾਲ ਹੁੰਦੇ ਹਨ, ਉਨ੍ਹਾਂ ਸੰਬੰਧੀ ਤਾਂ ਬਹਿਸ ਹੋ ਸਕਦੀ ਹੈ, ਪਰ ਜੋ ਸਿੱਧਾ ਗਿਆਨ ਮੈਨੂੰ ਹੈ, ਉਸ ਲਈ ਮੈਨੂੰ ਕਿਸੇ ਹੋਰ ਦਲੀਲ ਜਾਂ ਸਬੂਤ ਦੀ ਲੋੜ ਨਹੀਂ ਹੈ। ਤੇ ਸਿੱਧਾ ਗਿਆਨ ਮੈਨੂੰ ਇਤਨਾ ਹੀ ਹੈ ਕਿ ਮੇਰੇ ਵਿਚ ਸੁਣਨ-ਵੇਖਣ ਆਦਿ ਦੀ ਸ਼ਕਤੀ ਹੈ, ਪਰ ਇਸ ਤੋਂ ਵਧ ਮੈਨੂੰ ਪੱਕਾ ਨਿਸਚਾ ਹੋ ਹੀ ਨਹੀਂ ਸਕਦਾ।

ਮੈਂ ਹਾਂ, ਪਰ ਮੈਂ ਕੀ ਹਾਂ, ਜਾਂ ਮੇਰੇ ਵਿਚ ਇਹ ਗਿਆਨ ਕਿਉਂ ਹੈ ? ਇਸ ਦਾ ਮੈਨੂੰ ਕੋਈ ਪਤਾ ਨਹੀਂ ਹੈ। ਮੈਂ ਹਾਂ, ਪਰ ਪਤਾ ਨਹੀਂ ਕਿ ਮੈਂ ਕੀ ਹਾਂ, ਕਿਥੇ ਹਾਂ, ਕਿਥੋਂ ਆਇਆ ਹਾਂ, ਕਿੱਧਰ ਜਾ ਰਿਹਾ ਹਾਂ, ਕੀ ਮੇਰਾ ਪ੍ਰਯੋਜਨ ਹੈ। ਇਨ੍ਹਾਂ ਗੱਲਾਂ ਵਿਚੋਂ ਕਿਸੇ ਦਾ ਭੀ ਮੈਨੂੰ ਸਿੱਧਾ ਕੋਈ ਗਿਆਨ ਨਹੀਂ ਹੈ। ਇਤਨਾ ਪਤਾ ਹੈ ਕਿ ਮੈਂ ਹਾਂ ਤੇ ਬਿਲਕੁਲ ਬੇ-ਬਸ ਤੇ ਅਨਜਾਣ ਹਾਂ, ਖ਼ਬਰੇ ਮੈਂ ਇਸ ਖ਼ਿਆਲ ਤੋਂ ਭਿੰਨ ਹੋਰ ਕੁਝ ਭੀ ਨਾ ਹੋਵਾਂ। ਮੈਨੂੰ ਨਾ ਆਪਣੀ ਹਸਤੀ ਦਾ ਪਤਾ ਹੈ ਕਿ ਉਹ ਕਿਸ ਤਰ੍ਹਾਂ ਦੀ ਹੈ ਤੇ ਨਾ ਆਪਣੇ ਪ੍ਰਯੋਜਨ ਦਾ ਪਤਾ ਹੈ ਕਿ ਮੈਂ ਕਿਉਂ ਹਾਂ।

'ਸੁਨਹੁ ਰੇ ਤੂ ਕਉਨੁ ਕਹਾ ਤੇ ਆਇਓ ॥
ਏਤੀ ਨ ਜਾਨਉ ਕੇਤੀਕ ਮੁਦਤਿ ਚਲਤੇ ਖਬਰਿ ਨ ਪਾਇਓ ॥' (੯੯੯)

ਜਦ ਮੈਨੂੰ ਇਹ ਭੀ ਗਿਆਨ ਹੈ ਕਿ ਮੈਂ ਆਪਣੇ ਆਪ ਨੂੰ ਪੈਦਾ ਨਹੀਂ ਕੀਤਾ ਤੇ ਮੈਨੂੰ ਆਪਣੀ ਮੁਕੰਮਲ ਬੇ-ਬਸੀ ਦਾ ਪਤਾ ਹੈ, ਤੇ ਇਹ ਭੀ ਇਲਮ ਨਹੀਂ ਕਿ ਮੇਰਾ ਪ੍ਰਯੋਜਨ ਕੀ ਹੈ, ਤਾਂ ਮੈਨੂੰ ਸੁਤੇ ਹੀ ਨਿਸਚਾ ਹੁੰਦਾ ਹੈ ਕਿ ਮੇਰੇ ਸਾਜਣ ਵਾਲਾ, ਮੈਨੂੰ ਸਮਝਣ ਵਾਲਾ, ਪ੍ਰਯੋਜਨ ਨੂੰ ਸਮਝਣ ਵਾਲਾ ਕੋਈ ਹੋਰ ਹੈ। ਬਸ, ਇਸੇ ਨੂੰ ਮੈਂ ਭਾਲਦਾ ਹਾਂ। ਪਰ ਅਕਲ ਨਾਲ ਭਾਲਿਆ ਨਹੀਂ ਜਾ ਸਕਦਾ, ਇਹ ਭੀ ਮੈਨੂੰ ਨਿਸਚਾ ਹੋ ਚੁਕਾ ਹੈ।

ਅਕਲ ਨਾਲ ਤਾਂ ਮੈਂ ਆਪਣੇ ਆਪ ਨੂੰ ਨਹੀਂ ਸਮਝ ਸਕਿਆ। ਨਾ ਹੀ ਮੈਨੂੰ ਪਤਾ ਹੀ ਹੈ ਕਿ ਮੈਂ ਕੀ ਵਸਤੂ ਹਾਂ ਤੇ ਨਾ ਮੈਨੂੰ ਪਤਾ ਹੈ ਕਿ ਕਿਥੇ ਹਾਂ। ਮੈਨੂੰ ਤਾਂ ਇਹ ਭੀ ਨਿਸਚਾ ਨਹੀਂ ਹੈ ਕਿ ਮੈਂ ਇਸ ਸਰੀਰ ਵਿਚ ਹੀ ਕਿਸੇ ਕੋਨੇ ਵਿਚ ਬੈਠਾ ਹਾਂ ਕਿ ਨਹੀਂ, ਜਾਂ ਸਾਰੇ ਸਰੀਰ ਵਿਚ ਖਿਲਰਿਆ ਹਾਂ ਕਿ ਨਹੀਂ, ਜਾਂ ਕਿਸੇ ਹੋਰ ਤਰ੍ਹਾਂ ਦੀ ਸ਼ਕਤੀ ਹੈ ਕਿ ਨਹੀਂ। ਹੋ ਸਕਦਾ ਹੈ ਕਿ ਮੈਂ ਆਪ ਹੀ ਸਥਾਨ ਹਦਬੰਦੀ ਤੋਂ ਪਰੇ ਹੋਵਾਂ ਜਾਂ ਕਿਧਰੇ ਦੂਰ ਬੈਠਾ ਜਾਂ ਸਰੀਰ ਦੇ ਦੁਆਲੇ ਦੁਆਲੇ ਲਿਪਟਿਆ ਹੀ ਕਿਸੇ ਸ਼ਕਤੀ ਨਾਲ ਇਸ ਸਰੀਰ ਨੂੰ ਨਚਾਈ ਫਿਰਦਾ ਹੋਵਾਂ ਤੇ ਸਮਝਦਾ ਇਹ ਹੋਵਾਂ ਕਿ ਮੈਂ ਭੀ ਇਸ ਸਰੀਰ ਵਿਚ ਹੀ ਹਾਂ।

ਜਦ ਮੈਨੂੰ ਕੁਝ ਭੀ ਪਤਾ ਨਾ ਹੋਵੇ ਤਾਂ ਆਖ਼ਰ ਮੇਰਾ ਪਤਾ ਕਿਸੇ ਨੂੰ ਤਾਂ ਹੋਵੇਗਾ, ਜਿਸ ਨੇ ਮੈਨੂੰ ਇਸ ਹਾਲਤ ਵਿਚ ਪਾਇਆ ਹੋਇਆ ਹੈ। ਮੇਰੀ ਮੁਕੰਰਲ ਬੇ-ਬਸੀ ਕਿਸੇ ਵੱਸ ਰਖਣ ਵਾਲੀ ਵਿਅੱਕਤੀ ਦਾ ਸਬੂਤ ਹੈ।

['ਕਿਉ ਵਰਨੀ ਕਿਵ ਜਾਣਾ' ਪੁਸਤਕ ਵਿਚੋਂ

---

**ਪਾਠਕ ਜੀ**--(੧) ਚਿੱਠੀ ਪੱਤਰ ਜਾਂ ਰਕਮ ਭੇਜਣ ਸਮੇਂ ਆਪਣਾ ਚਿੱਟ ਨੰਬਰ ਜ਼ਰੂਰ ਲਿਖੋ। ਹਰ ਮਹੀਨੇ ਤੁਹਾਡੇ ਪਰਚੇ ਉਤੇ, ਐਡਰੈਸ ਤੋਂ ਪਹਿਲਾਂ ਤੁਹਾਡਾ ਚਿੱਟ ਨੰਬਰ ਲਿਖਿਆ ਹੁੰਦਾ ਹੈ।

(੨) **ਪਰਚੇ ਗੁੰਮ**—ਪਰਚੇ ਡਾਕ ਵਿਚ ਕਾਫੀ ਗੁੰਮ ਹੁੰਦੇ ਹਨ। ਮਹੀਨੇ ਦੇ ਅੱਧ ਤਕ ਜੇ ਆਪ ਨੂੰ ਪਰਚਾ ਨਾ ਪੁਜੇ ਤਾਂ ਹੋਰ ਪਰਚਾ ਭੇਜਣ ਲਈ ਸਾਨੂੰ ਕਾਰਡ ਲਿਖੋ, ਅਸੀਂ ਦੁਬਾਰਾ ਪਰਚਾ ਉਦੋਂ ਹੀ ਭੇਜ ਦੇਵਾਂਗੇ।



www.AKJ.Org

# "ਤੁਮ ਘਰਿ ਆਵਹੁ ਮੇਰੇ ਮੀਤ"

[ਸ: ਸੰਤਾ ਸਿੰਘ ਜੀ 'ਆਜਿਜ਼', ਲੁਧਿਆਣਾ]

ਲੁਧਿਆਣਾ—ਸ: ਟਹਿਲ ਸਿੰਘ ਦਾ ਸੁਭਾਅ ਅਤਿ ਸਰਲ, ਖੁਲ੍ਹਾ ਡੁਲ੍ਹਾ ਤੇ ਬਾਹਲੀਆਂ ਸੋਚਾਂ ਫਿਕਰਾਂ ਤੋਂ ਰਹਿਤ ਹੈ। ਉਸਦਾ ਗੁਰੂ ਘਰ ਤੇ ਅਟੱਲ ਵਿਸ਼ਵਾਸ ਹੈ। ਧਾਰਮਕ ਦੀਵਾਨਾਂ ਤੇ ਸਮਾਗਮਾਂ ਲਈ ਸ਼ਰਧਾ 'ਤੇ ਲੁੜੀਂਦੇ ਧਾਰਮਕ ਕਾਰਜਾਂ ਨੂੰ ਨੇਪਰੇ ਚਾੜ੍ਹਨ ਦੀ ਸਮਰੱਥਾ ਤੇ ਦ੍ਰਿੜ੍ਹਤਾ ਵੀ ਬੇਮਿਸਾਲ ਹੈ।

ਸਰਕਾਰੀ ਮਹਿਕਮੇ ਵਿੱਚ ਵਡੇਰਾ ਅਫਸਰ ਹੋਣ ਦੇ ਨਾਤੇ ਉਸਦੀ ਮਾਹਵਾਰੀ ਤਨਖਾਹ ਵੀ ਵੱਡੀ ਤੇ ਘਰ ਦਾ ਖਰਚ ਵੀ ਵਡੇਰਾ ਹੈ। ਚੰਗੇ ਉਪਜਾਊ ਮਹਿਕਮੇ ਦਾ ਇਨਚਾਰਜ ਹੋਣ ਕਰਕੇ ਜੇ ਉਹ ਬੇਖ਼ੌਫ਼ ਤੇ ਕਠੋਰ ਬਣ ਕੇ, ਦਿਲ ਪੱਥਰ ਧਰ ਕੇ ਹੱਥ ਰੰਗੀ ਜਾਂਦਾ ਤਾਂ ਸੋਨੇ ਚਾਂਦੀ ਨਾਲ ਘਰ ਭਰ ਲੈਂਦਾ, ਪਰ ਉਸ ਗੁਰੂ-ਪਿਆਰੇ ਨੂੰ ਮਾਇਆ ਪਿਆਰੀ ਨਹੀਂ, ਗੁਰੂ ਦੇ ਦਰਸਾਏ ਮਾਰਗ ਨਾਲ ਪਿਆਰ ਹੈ। ਉਹ ਦੇਸ਼ ਤੇ ਧਰਮ ਪ੍ਰਤੀ ਵਫ਼ਾਦਾਰ ਤੇ ਮਹਿਕਮੇ ਪ੍ਰਤੀ ਵੀ ਦਿਆਨਤਦਾਰ ਹੈ। ਉਹ ਗੁਰਦਵਾਰੇ ਸ਼ਾਮ ਦੀ ਹਾਜ਼ਰੀ ਨਿਤਾਪ੍ਰਤੀ ਭਰਦਾ ਅਤੇ ਦੁਨੀਆਵੀ ਝਮੇਲਿਆਂ-ਬਖੇੜਿਆਂ ਦੇ ਮਾਰੂ ਥਪੇੜਿਆਂ ਨਾਲ ਮੁਰਝਾਏ ਮਨ ਨੂੰ, ਗੁਰਬਾਣੀ ਦੇ ਕੀਰਤਨ ਦੁਆਰਾ ਸ਼ਾਂਤ ਤੇ ਹਰਿਆ ਕਰਦਾ ਹੈ।

੨੪-੧੨-੮੪ ਨੂੰ ਸ਼ਾਮ ਵੇਲੇ ਜਦ ਉਹ ਗੁਰਦੁਆਰੇ ਹਾਜ਼ਰੀ ਭਰਨ ਗਿਆ ਤਾਂ ਦੀਵਾਨ ਦੀ ਸਮਾਪਤੀ ਉਪਰੰਤ ਪਰਧਾਨ ਸਾਹਿਬ ਨੇ ਸੰਗਤਾਂ ਪਾਸ ਚੋਖੀ ਗਿਣਤੀ ਵਿੱਚ ਗਰਮ ਬਿਸਤਰੇ, ਕੰਬਲ, ਪਹਿਨਣ ਲਈ ਬਸਤਰ ਤੇ ਵੱਡੀ ਮਾਤਰਾ ਵਿੱਚ ਗੁਰੂ ਕੇ ਲੰਗਰ ਵਾਸਤੇ ਰਸਦਾਂ ਆਦਿ ਲਈ ਅਪੀਲ ਕੀਤੀ, ਤੇ ਨਾਲ ਹੀ ਅੰਮ੍ਰਿਤਸਰ ਤੋਂ ਸਿੰਘ ਸਾਹਿਬਾਨ ਦਾ ਖ਼ਾਸ ਫ਼ਰਮਾਨ ਵੀ ਪੜ੍ਹ ਕੇ ਸੁਣਾਇਆ, ਜਿਸ ਵਿੱਚ ੩੦ ਅਕਤੂਬਰ ਨੂੰ ਪ੍ਰਧਾਨ ਮੰਤ੍ਰੀ ਦੇ ਕਤਲ ਪਿਛੋਂ ਭਾਰਤ ਭਰ ਵਿੱਚ ਸਿੱਖਾਂ ਦੀ ਵਹਿਸ਼ੀਆਨਾ ਕਤਲਾਮ, ਮਾਸੂਮ ਬੱਚਿਆਂ ਦਾ ਜ਼ਾਲਮਾਨਾ ਘਾਣ, ਘਰ ਘਾਟ ਦੀ ਬਰਬਾਦੀ, ਗੁਰਦਵਾਰਿਆਂ ਦੀ ਬੇ-ਹੁਰਮਤੀ, ਅਬਲਾ ਨਾਰੀਆਂ ਦੀ ਬੇਪਤੀ ਦੀਆਂ ਸ਼ਰਮਨਾਕ ਘਟਨਾਵਾਂ ਬਿਆਨ ਕਰਕੇ, ਹਰ ਗੁਰਸਿੱਖ ਨੂੰ ਉਖੜ ਕੇ ਆਏ ਭੈਣਾਂ ਭਾਈਆਂ ਵਾਸਤੇ ਆਪਣੇ ਘਰ ਵਿੱਚੋਂ ਇੱਕ ਜਾਂ ਦੋ ਕਮਰੇ ਖ਼ਾਲੀ ਕਰਕੇ ਦੇਣ ਵਾਸਤੇ ਪੁਰਜ਼ੋਰ ਹਦਾਇਤ ਸੀ।

ਘਰ ਪਰਤ ਕੇ ਸ: ਟਹਿਲ ਸਿੰਘ ਨੇ ਆਪਣੀ ਪਤਨੀ ਪਿਆਰ ਕੌਰ ਨੂੰ, ਘਰ ਵਿਚਲੇ ਮਹਿਮਾਨਖ਼ਾਨੇ ਦੇ ਦੋਵੇਂ ਕਮਰੇ, ਰਸੋਈ, ਗੁਸਲਖਾਨਾ ਆਦਿ ਸਫ਼ਾ ਕਰਨ ਤੇ ਜ਼ਰੂਰੀ ਸਮਾਨ ਮੁਹੱਈਆ ਕਰਨ ਲਈ ਤਾਕੀਦ ਕੀਤੀ।

ਪਤਨੀ ਨੇ ਹੈਰਾਨ ਹੋ ਕੇ ਪੁੱਛਿਆ, ਕਿਉਂ ਜੀ, ਕੋਈ ਖ਼ਾਸ ਮਹਿਮਾਨ ਆ ਰਹੇ ਹਨ ? ਤੁਸਾਂ ਤੇ ਮੈਨੂੰ ਕੁਝ ਦੱਸਿਆ ਹੀ ਨਹੀਂ, ਕੀ ਕੋਈ ਤਾਰ ਆਈ ਹੈ ?

ਪਤੀ ਨੇ ਜਵਾਬ ਦਿਤਾ, ਤਾਰ ਤਾਂ ਕੋਈ ਨਹੀਂ ਆਈ, ਐਪਰ ਸਾਡੇ ਪਰਮੁਖ ਅਕਾਲ ਤਖ਼ਤ ਦੇ ਜਥੇਦਾਰ ਸਾਹਿਬ ਦਾ ਖ਼ਾਸ ਫ਼ਰਮਾਨ ਆਇਆ ਹੈ ਕਿ ਕੁਝ ਪਿਆਰੇ ਸਨੇਹੀ ਘਰੋਂ ਤੁਰ ਪਏ ਹਨ ਤੇ ਜਲਦੀ ਸਾਡੇ ਘਰ ਪੁਜ ਰਹੇ ਹਨ, ਬਸ ਆਏ ਕਿ ਆਏ, ਇਸ ਲਈ ਉਹਨਾਂ ਦੇ ਸੁਆਗਤ ਲਈ ਲੋੜੀਂਦਾ ਇੰਤਜ਼ਾਮ ਕਰਨਾ ਹੈ।

ਪਤਨੀ ਬੋਲੀ, ਤੁਸੀਂ ਬੁਝਾਰਤਾਂ ਨਾ ਬੁਝਾਉ, ਕੁਝ ਮੇਰੇ ਪਲੇ ਵੀ ਪਾਉ, ਕੌਣ ਸਾਹਿਬ ਆ ਰਹੇ ਹਨ ? ਕੀ ਆਪਣੇ ਕੁੜਮ ਸਾਹਿਬ ਜਾਂ ਲਾਲੜੇ ਨੂੰਹ-ਪੁਤਰ ਪੁਜ ਰਹੇ ਹਨ ?

ਆਖ਼ਰ ਪਤੀ ਨੇ ਅਸਲ ਭੇਦ ਖੋਲ੍ਹਿਆ ਤੇ ਦਸਿਆ ਕਿ ਸਕਿਆਂ ਤੋਂ ਵਧ ਸਕੇ ਤੇ ਪਿਆਰਿਆਂ ਤੋਂ ਵੱਧ ਪਿਆਰੇ ਮੇਰੇ ਵੀਰ ਸਾਰੇ ਭਾਰਤੀ ਸੂਬਿਆਂ ਤੋਂ ਉਖੜੇ ਗ਼ੈਰਾਂ ਜ਼ਾਲਮਾਂ ਦੀਆਂ ਮਾਰਾਂ ਖਾ ਕੇ, ਘਰ ਬਾਰ ਲੁਟਾ ਕੇ ਆਪਣਿਆਂ ਭਰਾਵਾਂ ਪਾਸ ਠਾਹਰ ਲੈਣ ਆ ਰਹੇ ਹਨ, ਜੋ ਭਾਣਾ ਉਥੇ ਵਰਤਿਆ ਹੈ, ਸੁਣ ਕੇ ਮੇਰਾ ਕਲੇਜਾ ਮਚ ਮਚ ਉਠਦਾ ਹੈ। ਸੋ ਉਨ੍ਹਾਂ ਲਈ ਕੁਝ ਪਰਬੰਧ ਕਰਨਾ ਸਾਡਾ ਵੀ ਫ਼ਰਜ਼ ਬਣਦਾ ਹੈ।



www.AKJ.Org

ਪਤਨੀ ਬੋਲੀ, ਤੁਸੀਂ ਵੀ ਨਿਰੇ ਸਨਕੀ ਤੇ ਜਜ਼ਬਾਤੀ ਹੋ, ਇਸ ਘਲੂਘਾਰੇ ਕਾਰਨ ਭਾਰਤ ਦੇ ਸ਼ਹਿਰਾਂ ਵਿਚੋਂ ਉਜੜੇ ਪੁਜੜੇ ਪ੍ਰੀਵਾਰਾਂ ਨੇ ਤਾਂ ਆਖਰ ਪੰਜਾਬ ਆਉਣਾ ਹੀ ਸੀ, ਉਨ੍ਹਾਂ ਵਾਸਤੇ ਹੋਰ ਠਾਹਰ ਤੇ ਟਿਕਾਣਾ ਹੀ ਕਿਹੜਾ ਸੀ ਤੇ ਉਨ੍ਹਾਂ ਵਾਸਤੇ ਘਰਾਂ ਵਿੱਚ ਇਸ ਤਰ੍ਹਾਂ ਦੇ ਪਰਬੰਧ ਕਰਨੇ ਮੈਨੂੰ ਤੇ ਕਦਾਚਿਤ ਨਹੀਂ ਭਾਉਂਦਾ। ਇਹ ਨਿਰੀ ਖਜਾਲਤ ਤੇ ਸਿਰ-ਦਰਦੀ ਹੋਣੀ ਹੈ। ਮੇਰੇ ਵਿੱਚ ਹੁਣ ਇਹੋ ਜਿਹੀਆਂ ਖੇਚਲਾਂ ਝਲਣ ਦੀ ਸ਼ਕਤੀ ਨਹੀਂ ਰਹੀ। ਉਹਨਾਂ ਘਰੋਂ ਬੇਘਰ ਹੋਇਆਂ ਵਾਸਤੇ ਗੁਰਦਵਾਰਿਆਂ ਵਿੱਚ ਕੈਂਪ ਲੱਗ ਗਏ ਹਨ, ਉਹਨਾਂ ਨੂੰ ਉਥੇ ਰਹਿਣ ਬਹਿਣ, ਖਾਣ-ਪੀਣ, ਦਵਾ-ਦਾਰੂ ਦੀ ਹਰ ਸਹੂਲਤ ਮਿਲੇਗੀ। ਉਨ੍ਹਾਂ ਨੂੰ ਘਰ ਲਿਆ ਕੇ ਸੇਵਾ ਸੰਭਾਲ ਕਰਨੀ ਮੇਰੇ ਵੱਸ ਤੋਂ ਬਾਹਰ ਹੈ। ਮੇਰੇ ਤੋਂ ਐਸਾ ਨਹੀਂ ਹੋ ਸਕਦਾ।

ਪਤਨੀ ਦੇ ਇਨਕਾਰ ਤੋਂ ਪਤੀ ਕੁਝ ਤੈਸ਼ ਵਿੱਚ ਆ ਕੇ ਕਹਿਣ ਲਗਾ, ਪਿਆਰ ਕੌਰੇ, ਇਹ ਮੇਰੇ ਵੀਰ ਕੋਈ ਨੰਗੇ ਭੁਖੇ ਨਹੀਂ, ਬਲਕਿ ਰਜੇ ਪੁਜੇ, ਖਾਂਦੇ ਪੀਂਦੇ ਪਤਵੰਤੇ ਸਰਦਾਰ ਹਨ. ਇਨ੍ਹਾਂ ਪ੍ਰਤੀ ਕੋਈ ਮਾੜਾ ਸ਼ਬਦ ਮੈਂ ਸੁਣ ਨਹੀਂ ਸਕਦਾ। ਜਦ ਤੱਕ ਇਸ ਖ਼ੂਨੀ ਘਲੂਘਾਰੇ ਦਾ ਅੰਤ ਨਹੀਂ ਹੁੰਦਾ ਤੇ ਮੇਰੇ ਸਾਰੇ ਵੀਰ ਪ੍ਰੀਵਾਰਾਂ ਸਹਿਤ ਸਤਿਕਾਰ ਨਾਲ ਆਪੋ ਆਪਣੇ ਠਿਕਾਣਿਆਂ ਤੇ ਵਸ ਨਹੀਂ ਜਾਂਦੇ, ਇਹ ਪਿਛਲੇ ਦੋ ਕਮਰਿਆਂ ਦਾ ਸੈਟ ਇਨ੍ਹਾਂ ਵਾਸਤੇ ਰਾਖਵਾਂ ਰਹੇਗਾ।

ਹੁਣ ਪਤਨੀ ਰਤਾ ਖ਼ਫ਼ਾ ਹੋ ਕੇ ਬੋਲੀ, ਤੁਸੀਂ ਕੀ ਝਲਪੁਣਾ ਖਿਲਾਰ ਰਹੇ ਹੋ ! ਸਾਡੀ ਆਬਾਦੀ ਵਿੱਚ ਵੱਡੇ ਤੋਂ ਵੱਡੇ ਸਰਦਾਰ ਵਸਦੇ ਹਨ, ਉਨ੍ਹਾਂ ਦੇ ਰਾਜ ਮਹਿਲਾਂ ਜਿਹੇ ਵਿਸ਼ਾਲ ਚੁਬਾਰੇ ਹਨ, ਪਰ ਕਿਸੇ ਨੇ ਵੀ ਕਿਸੇ ਘਰੋਂ ਉਜੜਿਆਂ ਪ੍ਰੀਵਾਰਾਂ ਨੂੰ ਆਪਣੇ ਮਹਿਲ ਦੇ ਕਿਸੇ ਕੋਨੇ ਵਿੱਚ ਨਹੀਂ ਵਸਾਇਆ। ਤੁਸੀਂ ਕਿਉਂ ਮੇਰੀ ਜਾਨ ਲਈ ਇਹ ਬਿਪਤਾ ਸਹੇੜ ਰਹੇ ਹੋ ? ਜੇ ਕੁਝ ਮਾਇਕ ਮਦਦ ਕਰਨੀ ਚਾਹੁੰਦੇ ਹੋ ਤਾਂ ਗੁਰਦਵਾਰੇ ਸਹਾਇਤਾ-ਫੰਡ ਵਿੱਚ ਜਰੂਰ ਦਿਓ, ਮੈਂ ਨਹੀਂ ਰੋਕਦੀ। ਪਰ ਮੈਨੂੰ ਇਸ ਮੁਸੀਬਤ ਵਿੱਚ ਹਰਗਿਜ ਨਾ ਫਸਾਉ।

ਪਿਆਰ ਕੋਰੇ ! ਬਹੁਤ ਹੋ ਗਈ, ਹੋਰ ਕੋਈ ਕੁਬਚਨ ਨਾ ਬੋਲੀਂ। ਪੰਜਾਬ ਆਉਣ ਵਾਲੇ ਵੀਰ ਕੋਈ ਭਿਖਾਰੀ ਨਹੀਂ ਕਿ ਉਨ੍ਹਾਂ ਦੇ ਨਮਿਤ ਦਸ-ਵੀਹ ਰੁਪਏ ਰਲੀਫ ਫੰਡ ਵਿੱਚ ਦੇ ਆਉ ਤੇ ਨਿਸਚਿੰਤ ਹੋ ਕੇ ਸੋਂ ਜਾਉ। ਓਇ ਅਭਾਗਣੇ, ਓਹ ਤਾਂ ਸਾਡੇ ਜਿਹੇ ਦਰਜਨਾਂ ਸਿੱਖ ਪ੍ਰੀਵਾਰਾਂ ਨੂੰ ਤੇ ਸੈਂਕੜੇ ਭੁੱਖਿਆਂ ਨੂੰ ਰਜਾ ਸਕਣ ਵਾਲੇ, ਜੀਵਨ ਦੇ ਹਰ ਪੱਖੋਂ ਖੁਸ਼ਹਾਲ ਸਨ, ਪਰ ਅਜ ਉਹ ਅਤਿ ਕੰਗਾਲ ਹੋ ਕੇ ਮਜਬੂਰੀ ਦੀ ਹਾਲਤ ਵਿੱਚ ਆਪਣੀ ਮਾਤ-ਭੂਮੀ ਪੰਜਾਬ ਵੱਲ ਆ ਰਹੇ ਹਨ। ਇਸ ਦਸ਼ਾ ਵਿੱਚ ਦੁਖੀ ਵੀਰਾਂ ਦਾ ਦਰਦ ਵੰਡਾਉਣਾ ਹਰ ਗੁਰਸਿੱਖ ਦਾ ਫ਼ਰਜ਼ ਹੈ। ਜੇ ਇਸ ਅਬਾਦੀ ਦੇ ਸਰਦੇ ਪੁਜਦੇ ਸਰਦਾਰਾਂ ਨੇ ਕਿਸੇ ਪੀੜਤ ਭੈਣ ਭਰਾ ਨੂੰ ਆਪਣੇ ਮਹਿਲਾਂ ਦੇ ਕਿਸੇ ਕੋਨੇ ਵਿੱਚ ਥਾਂ ਨਹੀਂ ਦਿੱਤੀ ਤੇ ਸੀਨੇ ਨਾਲ ਲਾ ਕੇ ਦਰਦ ਨਹੀਂ ਵੰਡਾਇਆ ਤਾਂ ਸੱਚ ਜਾਣੋ, ਉਹਨਾਂ ਨੇ ਆਪਣੇ ਧਰਮ ਤੇ ਗੁਰੂ ਵਲੋਂ ਮੁੱਖ ਭਵਾਇਆ ਹੈ ਤੇ ਕੌਮ ਦਾ ਗੌਰਵ ਮਿਟਾਇਆ ਹੈ। ਤੇਰਾ ਨਾਮ ਤੇਰੇ ਮਾਪਿਆਂ ਨੇ ਪਿਆਰ ਕੌਰ ਰੱਖਿਆ ਹੈ, ਤੂੰ ਆਪਣੇ ਇਸ ਨਾਮ ਨੂੰ ਵੱਟਾ ਨਾ ਲਗਾ। ਕੌਮ ਨਾਲ ਪਿਆਰ ਕਰਨ ਦੀ ਬਜਾਏ ਨਿਗੂਣੇ ਕਮਰਿਆਂ ਨਾਲ ਪਿਆਰ ਕਰਨਾ ਗੁਰਸਿੱਖੀ ਨਹੀਂ। ਕਿਉਂ ਆਪਣੇ ਸੁਖਾਂ ਵਿੱਚ ਭੁਲ ਕੇ ਗੁਰਸਿੱਖੀ ਦੇ ਉਚੇ ਸੁਚੇ ਆਦਰਸ਼ ਤੋਂ ਮੂੰਹ ਮੋੜਦੀ ਹੈਂ ?

ਓਇ ਕਮਲੀਏ, ਮੈਂ ਸੁਣਿਆ ਤੇ ਪੜ੍ਹਿਆ ਵੀ ਹੈ ਕਿ ਜਦੋਂ ਨਨਕਾਣਾ ਸਾਹਿਬ ਤੇ ਪੰਜਾ ਸਾਹਿਬ ਦਾ ਸਾਕਾ ਵਰਤਿਆ ਸੀ, ਸਾਰੇ ਸਿਖ-ਜਗਤ ਵਿੱਚ ਮਾਤਮ ਛਾ ਗਿਆ ਸੀ, ਹਫ਼ਤਾ ਹਫ਼ਤਾ ਭਰ ਘਰਾਂ ਵਿੱਚ ਚੁਲ੍ਹੇ ਨਹੀਂ ਭਖੇ ਸਨ। ਸੁਣ ਕੇ ਹਾਲੀਆਂ ਨੇ ਹੱਲ ਡੱਕ ਦਿਤੇ, ਕਿਰਤੀਆਂ ਨੇ ਔਜ਼ਾਰ ਸੁੱਟ ਦਿਤੇ, ਹਟਵਾਣੀਆਂ ਨੇ ਹਟਾਂ ਦੇ ਪਟ ਘੁੱਟ ਦਿਤੇ ਤੇ ਸਕੂਲਾਂ ਕਾਲਜਾਂ ਦੇ ਵਿਦਿਆਰਥੀਆਂ ਨੇ ਜੋਸ਼ ਵਿੱਚ ਆ ਕੇ ਆਪਣੇ ਬੁੱਲ੍ਹ ਟੁੱਕ ਦਿਤੇ। ਕੀ ਬੱਚਾ, ਕੀ ਬਿਰਧ, ਕੀ ਜਵਾਨ, ਕੀ ਮਾਈ, ਕੀ ਭਾਈ, ਸਭ ਵਹੀਰਾਂ ਘਤ ਕੇ ਸਾਕੇ ਵਾਲੇ ਅਸਥਾਨ ਵਲ ਤੁਰ ਪਏ, ਦੌੜ ਪਏ ਸਨ। ਪਰ ਅਫ਼ਸੋਸ ! ਅਜੇ ਕੱਲ੍ਹ ਹੀ ਸਭ ਤੋਂ ਵੱਡਾ ਘਲੂਘਾਰਾ ਵਰਤਿਆ ਹੈ, ਆਬਾਦੀ ਦੇ ਕਿਤਨੇ ਸੁਭਾਗੇ ਘਰਾਂ ਦੇ ਚੁਲ੍ਹੇ ਠੰਢੇ ਰਹੇ ? ਕਿਤਨੇ ਘਰਾਂ ਵਿੱਚ ਮਾਤਮ ਦੀ ਸਫ਼ ਵਿੱਛੀ ? ਕਿਤਨਿਆਂ ਨੇ ਉਖੜੇ ਵੀਰਾਂ


www.AKJ.Org

ਨੂੰ ਮੁੜ ਕਾਇਮ ਕਰਨ ਦਾ ਉਪਰਾਲਾ ਕੀਤਾ ? ਕਿਤਨਿਆਂ ਨੇ ਆਪਣੇ ਘਰਾਂ ਦੇ ਤੇ ਦਿਲ ਦੇ ਦਰਾਂ ਦੇ ਪਟ ਖੋਲ੍ਹੇ ? ਇਹ ਮੇਰਾ ਗੁਰੂ ਹੀ ਜਾਣਦਾ ਹੈ। ਕੀ ਵਿਆਹ ਸ਼ਾਦੀਆਂ ਤੇ ਜਸ਼ਨ ਨਹੀਂ ਮਨਾਏ ਗਏ ? ਕੀ ਬਰਾਤਾਂ ਨਹੀਂ ਚੜ੍ਹੀਆਂ ? ਵਾਜੇ ਨਹੀਂ ਵਜੇ ? ਭੰਗੜੇ ਨਹੀਂ ਪਏ ? ਵਿਸਕੀਆਂ ਦੇ ਡਟ ਨਹੀਂ ਖੁੱਲ੍ਹੇ ? ਵਧਾਈਆਂ ਦਿੱਤੀਆਂ ਤੇ ਮੰਨੀਆਂ ਨਹੀਂ ਗਈਆਂ ? ਅਜੇ ਤਾਂ ਇਸ ਘਲੂਘਾਰੇ ਗੁਜ਼ਰੇ ਨੂੰ ਕੁਝ ਹਫਤੇ ਹੀ ਬੀਤੇ ਹਨ, ਸਦੀਆਂ ਨਹੀਂ ਗੁਜ਼ਰੀਆਂ। ਅਜੇ ਤਾਂ ਭਾਰਤ ਦੇ ਵੱਡੇ-ਵੱਡੇ ਸ਼ਹਿਰਾਂ ਵਿੱਚੋਂ ਨਿਰਦੋਸ਼ ਸਿੱਖ ਭੈਣਾਂ ਦੇ ਖ਼ੂਨ ਦੇ ਧੱਬੇ ਵੀ ਨਹੀਂ ਮਿਟੇ ? ਸਾਡੇ ਵਿੱਚ ਉਹ ਕੌਮੀ ਜੋਸ਼ ਨਹੀਂ ਰਿਹਾ ਜੋ ਅਕਾਲੀ ਲਹਿਰ ਵੇਲੇ ਸੀ। ਫਿਰ ਵੀ ਮੈਨੂੰ ਆਪਣੇ ਨੌਜਵਾਨਾਂ ਤੇ ਸ਼ੇਰਦਿਲ ਗੁਰਸਿੱਖਾਂ ਤੇ ਫ਼ਖ਼ਰ ਹੈ, ਉਹ ਆਪਣੀਆਂ ਪੜ੍ਹਾਈਆਂ, ਕਮਾਈਆਂ ਤੇ ਸੁੱਖ ਅਰਾਮ ਤਿਆਗ ਕੇ ਦਿਨ ਰਾਤ ਜਾਗ ਕੇ ਇਹਨਾਂ ਆਉਣ ਵਾਲੇ ਵੀਰਾਂ ਨੂੰ ਗਲੇ ਲਾ ਰਹੇ ਹਨ, ਦੁਖ ਵੰਡਾ ਰਹੇ ਹਨ। ਉਨ੍ਹਾਂ ਦੇ ਚਰਨਾਂ ਵਿੱਚ ਮੇਰਾ ਸਿਰ ਝੁਕਦਾ ਹੈ।

ਮੇਰਾ ਆਖ਼ਰੀ ਫ਼ੈਸਲਾ ਹੈ ਕਿ ਕਲ੍ਹ ਹੀ ਆਪਣਾ ਮਹਿਮਾਨਖ਼ਾਨਾ ਸਾਫ਼ ਕਰਨਾ ਹੈ ਅਤੇ ਲੋੜੀਂਦੀ ਹਰ ਵਸਤੂ ਉਥੇ ਰਖਣੀ ਹੈ। ਇਸ ਕਾਰਜ ਨੂੰ ਨੇਪਰੇ ਚਾੜ੍ਹ ਕੇ ਹੀ ਕੰਮ ਸਰਨਾ ਹੈ। ਮੈਂ ਇੱਕ ਅਦਨਾ ਜਿਹਾ ਸਿੱਖ ਹਾਂ ਤੇ ਜੇ ਇਹ ਮਾਮੂਲੀ ਦੋ ਕਮਰੇ ਕਿਸੇ ਲੋੜਵੰਦ ਸਿੱਖ ਪਰਵਾਰ ਦੇ ਕੰਮ ਆ ਸਕਣ ਤਾਂ ਸਾਡੇ ਧੰਨ ਭਾਗ ਹੋਣਗੇ।

ਆਖ਼ਰ ਪਤਨੀ ਲਾਜਵਾਬ ਹੋ ਕੇ ਬੋਲੀ, ਜੇ ਤੁਸਾਂ ਆਪਣੀ ਜ਼ਿਦ ਜ਼ਰੂਰ ਪੂਰੀ ਕਰਨੀ ਹੈ, ਤਾਂ ਕੱਲ ਰਲੀਫ਼ ਕੈਂਪ ਵਿੱਚ ਅਸੀਂ ਦੋਵੇਂ ਜਾਵਾਂਗੇ, ਜਿਸ ਪ੍ਰੀਵਾਰ ਨੂੰ ਮੈਂ ਪਸੰਦ ਕਰਾਂਗੀ, ਉਸਨੂੰ ਤੁਸੀਂ ਖੁਸ਼ੀ ਨਾਲ ਘਰ ਲੈ ਆਉਣਾ ਜੀ।

ਅਗਲੇ ਦਿਨ ਸ: ਟਹਿਲ ਸਿੰਘ ਤੇ ਪਿਆਰ ਕੌਰ ਸ਼ਰਨਾਰਥੀ ਕੈਂਪ ਵਿੱਚ ਗਏ, ਜਿਥੇ ਕਿ ਦਰਜਨਾਂ ਸੱਜ-ਵਿਆਹੀਆਂ ਵਿਧਵਾਵਾਂ, ਸੈਂਕੜੇ ਯਤੀਮ ਬੱਚੇ ਤੇ ਲਾਵਾਰਸ ਬਿਰਧ ਮਾਪੇ, ਹਜ਼ਾਰਾਂ ਭਾਗ-ਨਿਖੁਟੇ ਲੁਟੇ ਪੁਟੇ, ਰਾਉ ਤੋਂ ਰੰਕ ਬਣੇ ਸਿੱਖ ਪ੍ਰੀਵਾਰ ਟੋਲੀਆਂ ਦੀਆਂ ਟੋਲੀਆਂ ਆਪਣੀਆਂ ਬੇਹਾਲੀਆਂ ਦਾ ਹਾਲ ਹੰਝੂਆਂ ਦੀਆਂ ਝੜੀਆਂ ਰਾਹੀਂ ਸੁਣਾ ਰਹੇ ਤੇ ਬਿਲਬਿਲਾ ਰਹੇ ਸਨ। ਉਨ੍ਹਾਂ ਨੂੰ ਜ਼ਰਾ ਵੀ ਹਮਦਰਦੀ ਦੇ ਦੋ ਬੋਲ ਸੁਣਾ ਦਿਓ ਤਾਂ ਉਨ੍ਹਾਂ ਦੇ ਭਰੇ ਹੋਏ ਨੈਨਾਂ ਚੋਂ ਹੰਝੂਆਂ ਦੇ ਦਰਿਆ ਵਗ ਤੁਰਦੇ ਸਨ।

ਪਿਆਰ ਕੌਰ ਤਾਂ ਇਹ ਮਾਤਮੀ ਤੇ ਸੋਗੀ ਦ੍ਰਿਸ਼ ਦੇਖ ਕੇ, ਉਹਨਾਂ ਦਾ ਰੁਦਨ ਤੇ ਕੀਰਨੇ ਸੁਣ ਕੇ ਪੱਥਰ ਦਾ ਬੁੱਤ ਹੀ ਬਣ ਗਈ। ਉਹ ਜਿਸ ਦੁਖੀ ਪਰਿਵਾਰ ਪਾਸ ਵੀ ਦੋ ਪਲ ਬਹੇ ਤੇ ਉਸਦੇ ਦੁਖੜੇ ਸੁਣੇ, ਉਸੇ ਪ੍ਰਵਾਰ ਨੂੰ ਹੀ ਘਰ ਲੈ ਜਾਣ ਵਾਸਤੇ ਪਤੀ ਦੀ ਮਿੰਨਤ ਕਰੇ। ਇਸ ਇੱਕ ਘੰਟੇ ਦੇ ਦੁਖਾਂਤ ਮਈ ਵਾਰਤਾਲਾਪ ਨੇ ਪਿਆਰ ਕੌਰ ਦਾ ਕੌਮ ਪ੍ਰਤੀ ਸੁੱਤਾ ਹੋਇਆ ਪਿਆਰ ਜਗਾ ਦਿੱਤਾ। ਆਖ਼ਰ ਉਸਨੇ ਪਤੀ ਨੂੰ ਮਲੋ-ਜ਼ੋਰੀ ਚਾਰ ਦੁਖੀ ਪ੍ਰੀਵਾਰਾਂ ਨੂੰ ਘਰ ਲੈ ਜਾਣ ਲਈ ਤਿਆਰ ਕਰ ਲਿਆ। ਸ: ਟਹਿਲ ਸਿੰਘ ਨੇ ਕਿਹਾ ਕਿ ਅਸੀਂ ਪ੍ਰੋਗਰਾਮ ਅਨੁਸਾਰ ਕੇਵਲ ਇਕ ਪਰਵਾਰ ਹੀ ਲੈ ਜਾਣ ਵਾਸਤੇ ਆਏ ਹਾਂ ਤੇ ਇੱਕ ਪਰਵਾਰ ਵਾਸਤੇ ਹੀ ਸਾਡੇ ਘਰ ਵਿਚ ਪਰਬੰਧ ਹੈ। ਬਾਕੀ ਤਿੰਨ ਕਿਥੇ ਰਹਿਣਗੇ ? ਅਜਿਹਾ ਸਾਡੇ ਲਈ ਮੁਸ਼ਕਿਲ ਹੈ।

ਪਿਆਰ ਕੌਰ ਹੁਣ ਰਤਾ ਜੋਸ਼ ਤੇ ਰੋਹ ਵਿੱਚ ਬੋਲੀ, ਮੈਂ ਇਨ੍ਹਾਂ ਚਾਰਾਂ ਪ੍ਰੀਵਾਰਾਂ ਨੂੰ ਘਰ ਲਿਜਾਣਾ ਹੈ। ਤੁਸੀਂ ਕੋਈ ਵੀ ਖੇਚਲ ਨਾ ਕਰਿਉ, ਮੈਂ ਸਾਰਾ ਇੰਤਜ਼ਾਮ ਆਪੇ ਕਰਾਂਗੀ। ਇਕ ਪ੍ਰਵਾਰ ਮਹਿਮਾਨਖ਼ਾਨੇ, ਦੂਸਰਾ ਬੈਠਕ ਵਿੱਚ, ਤੀਸਰਾ ਮੇਰੇ ਵੀਰ ਦਲੇਰ ਸਿੰਘ ਦੇ ਘਰ ਅਤੇ ਚੌਥਾ ਮੇਰੇ ਪੜੋਸੀ ਮੇਹਰ ਸਿੰਘ ਦਾ ਘਰ ਪਵਿੱਤਰ ਕਰੇਗਾ। ਮੈਂ ਉਹਨਾਂ ਨੂੰ ਆਪੇ ਮਨਾ ਲਵਾਂਗੀ। ਤੁਸੀਂ ਵੀ ਇਨ੍ਹਾਂ ਦੀ ਟਹਿਲ ਸੇਵਾ ਕਰਕੇ ਆਪਣੇ ਨਾਂ ਨੂੰ ਸਫਲ ਕਰਿਓ। ਇਨ੍ਹਾਂ ਦੁਖੀ ਵੀਰਾਂ ਭੈਣਾਂ ਦੀ ਬਿਪਤਾ ਵੇਖ ਕੇ ਅਸੀਂ ਕਿਵੇਂ ਸੁਖ ਦੀ ਨੀਂਦਰ ਸੌਂ ਸਕਦੇ ਹਾਂ ! ਆਓ, ਰਲ ਮਿਲ ਕੇ ਇਨ੍ਹਾਂ ਦੇ ਦੁਖਾਂ ਸੁਖਾਂ ਦੇ ਭਾਈਵਾਲ ਬਣੀਏ।

ਆਖ਼ਰ ਚਾਰੇ ਪ੍ਰੀਵਾਰ ਲਿਆਂਦੇ ਗਏ ਤੇ ਉਹ ਤਿੰਨਾਂ ਘਰਾਂ ਵਿੱਚ ਰਹਿੰਦੇ ਹੋਏ, ਘਰ ਦੇ ਜੀਆਂ ਵਾਂਗ ਘਿਉ-ਸ਼ਕਰ ਵਾਂਗ ਘੁਲ ਮਿਲ ਗਏ।

[ਛੱਪ ਰਹੀ ਪੁਸਤਕ "ਆਖਾਂ ਬਿਰਥਾ ਜੀਅ ਕੀ" ਵਿਚੋਂ

ਸੂਰਾ' ਅੰਮ੍ਰਿਤਸਰ, ਨਵੰਬਰ ੧੯੮੫



www.AKJ.Org

# ਅੱਖੀਂ ਡਿੱਠਾ ਫ਼ੌਜੀ ਸਾਕਾ

[ਗਿਆਨੀ ਪ੍ਰੀਤਮ ਸਿੰਘ ਜੀ ਹੈਡ ਗ੍ਰੰਥੀ, ਸ੍ਰੀ ਅਕਾਲ ਤਖ਼ਤ ਸਾਹਿਬ]

[ਮਾਸਕ ਪੱਤਰ 'ਅਕਸ' ਦਿਲੀ ਦੇ ਵਿਸ਼ੇਸ਼ ਪੱਤਰ ਪ੍ਰੇਰਕ ਦਲਬੀਰ ਚੇਤਨ ਦੁਆਰਾ ਕੀਤੀ ਗਈ ਇੰਟਰਵੀਊ[

ਬਹੁਤ ਚਿਰ ਤੋਂ ਗਿਆਨੀ ਪ੍ਰੀਤਮ ਸਿੰਘ ਜੀ, ਹੈੱਡ ਗ੍ਰੰਥੀ ਸ੍ਰੀ ਅਕਾਲ ਤਖਤ ਸਾਹਿਬ ਨਾਲ, ਦਿਲ ਖੋਲ੍ਹ ਕੇ ਗੱਲਾਂ ਕਰਨ ਦੀ ਤਮੰਨਾ ਸੀ, ਪਰ ਇਹ ਵੀ ਪਤਾ ਲੱਗਾ ਕਿ ਉਹ ਕਿਸੇ ਰਸਾਲੇ ਵਾਲੇ ਨਾਲ ਇੰਟਰਵਿਊ ਲਈ ਤਿਆਰ ਨਹੀਂ।

ਦਰਬਾਰ ਸਾਹਿਬ ਉਤੇ ਫ਼ੌਜੀ ਕਾਰਵਾਈ ਵੇਲੇ, ਉਹ ਸ੍ਰੀ ਅਕਾਲ ਤਖ਼ਤ ਵਿਚ ਹੀ ਹਾਜ਼ਰ ਸਨ। ਅਕਾਲ ਤਖ਼ਤ ਹੀ ਕਾਰਵਾਈ ਦਾ ਸਭ ਤੋਂ ਵੱਡਾ ਗੜ੍ਹ ਸੀ ਤੇ ਫ਼ੌਜੀ ਕਾਰਵਾਈ ਵੇਲੇ ਇਸੇ ਹੀ ਇਤਿਹਾਸਕ ਇਮਾਰਤ ਦਾ ਸਭ ਤੋਂ ਵਧ ਨੁਕਸਾਨ ਹੋਇਆ ਸੀ। ਇਸੇ ਲਈ ਗਿਆਨੀ ਪ੍ਰੀਤਮ ਸਿੰਘ ਜੀ ਕੋਲ ਬਹੁਤ ਸਾਰਾ ਹੱਡੀਂ ਹੰਢਾਇਆ ਸੱਚ ਸੀ, ਜਿਸ ਦਾ ਲੋਕਾਂ ਨੂੰ ਪਤਾ ਲੱਗਣਾ ਲਾਜ਼ਮੀ ਸੀ, ਪਰ ਉਹ ਆਪਣੀ ਇਸ ਆਤਮ-ਕਥਾ ਨੂੰ ਦੱਸ ਕੇ ਕਿਸੇ ਵੀ ਤਰ੍ਹਾਂ ਦੀਆਂ ਖ਼ਬਰਾਂ ਵਿਚ ਨਹੀਂ ਆਉਣਾ ਚਾਹੁੰਦੇ ਸਨ। ਸਾਰੀ ਗੱਲਬਾਤ ਦੇ ਦੌਰਾਨ ਵੀ ਇੰਜ ਹੀ ਲੱਗਦਾ ਰਿਹਾ ਕਿ ਉਹ ਰੱਬ ਤੋਂ ਡਰਨ ਵਾਲੇ ਤੇ ਰੱਬ ਦੀ ਰਜ਼ਾ ਵਿਚ ਰਹਿਣ ਵਾਲੇ ਸੱਚੇ ਸੁਚੇ ਇਨਸਾਨ ਹਨ। ਕਿਸੇ ਵੀ ਤਰ੍ਹਾਂ ਦੀ ਸ਼ੋਹਰਤ ਲੈਣੀ ਉਹਨਾਂ ਦੀ ਸ਼ਖਸੀਅਤ ਦਾ ਹਿੱਸਾ ਨਹੀਂ।

ਇਕ ਤਰਕਾਲੀਂ, ਉਹ ਤਖ਼ਤ ਸਾਹਿਬ ਉੱਤੇ ਚੋਕੜਾ ਮਾਰੀ ਬੈਠੇ ਸਨ। ਕਰੀਮ ਰੰਗ ਦਾ ਖੁਲ੍ਹਾ ਕੁੜਤਾ, ਦੁੱਧ ਚਿੱਟਾ ਲਿਸ਼ਕਵਾਂ ਦਾਹੜਾ, ਸਿਰ ਉਤੇ ਗੂੜ੍ਹੇ ਨੀਲੇ ਰੰਗ ਦੀ ਪੱਗ ਅਤੇ ਹੱਥ ਵਿਚ ਸੁਨਹਿਰੀ ਮਿਆਨ ਵਾਲੀ ਤਿੰਨ ਫੁੱਟੀ ਕਿਰਪਾਨ। ਕੁੜਤੇ ਦੇ ਰੰਗ ਨਾਲ ਦਾ ਹੀ ਗੱਲ ਵਿਚ ਪਰਨਾ ਤੇ ਲਾਲਗੀ ਦੀ ਭਾਹ ਮਾਰਦਾ ਗੋਰਾ ਚਿਹਰਾ। 'ਫ਼ਤਿਹ' ਗਜਾ ਕੇ ਜਦੋਂ ਮੈਂ ਆਪਣਾ ਮਕਸਦ ਦੱਸਿਆ ਤਾਂ ਉਹਨਾਂ ਸਿਰ ਫੇਰ ਦਿਤਾ।

''ਰਸਾਲਿਆਂ ਨੂੰ ਇੰਟਰਵਿਊ ਦੇਣ ਦਾ ਮੇਰਾ ਕੋਈ ਸ਼ੌਕ ਨਹੀਂ।''

''ਪਰ ਸਿੰਘ ਸਾਹਿਬ ਜੀਓ, ਲੋਕਾਂ ਨੂੰ ਸੱਚ ਜਾਨਣ ਦਾ ਸ਼ੌਕ ਹੈ।''

ਉਹਨਾਂ ਬੜੀ ਗੰਭੀਰਤਾ ਨਾਲ ਮੇਰੇ ਵੱਲ ਵੇਖਦਿਆਂ ਆਖਿਆ,

''ਬੜੇ ਲੋਕਾਂ ਦੀਆਂ ਇੰਟਰਵਿਊ ਆ ਚੁਕੀਆਂ, ਬੜਾ ਕੁਝ ਲਿਖਿਆ ਜਾ ਰਿਹਾ......।

''ਪਰ ਤੁਹਾਡੀ ਅਜੇ ਤੱਕ ਕੋਈ ਇੰਟਰਵਿਊ ਨਹੀਂ ਆਈ—ਲੋਕ ਬਹੁਤ ਕੁਝ ਤੁਹਾਡੇ ਰਾਹੀਂ ਜਾਨਣਾ ਚਾਹੁੰਦੇ ਹਨ।''

''ਵੇਖੋ.—ਹੁਣ ਤਾਂ ਇਥੇ ਕੋਈ ਗੱਲ ਹੋ ਨਹੀਂ ਸਕਦੀ।'' ਉਹ ਹਰ ਤਰ੍ਹਾਂ ਨਾਲ ਖਹਿੜਾ ਛੁਡਾਉਣਾ ਚਾਹੁੰਦੇ ਸਨ।

''ਤੁਸੀਂ ਜਦੋਂ ਵੀ ਕਹੋ ਮੈਂ ਆ ਜਾਵਾਂਗਾ...।'' ਮੈਂ ਵੀ ਲਸੂੜੇ ਦੀ ਗਿੱਟਕ ਵਾਂਗ ਚੰਬੜ ਗਿਆ ਸਾਂ। ਤੇ ਫੇਰ ਤੈਹ ਹੋਇਆ; ਉਸ ਦਿਨ ਤੋਂ ਤਿੰਨ ਦਿਨ ਬਾਅਦ ਸਵੇਰ ਦਾ ਸਮਾਂ।

ਮਿਥੇ ਦਿਨ, ਸਵੇਰੇ ਸੱਤ ਵਜੇ ਉਹਨਾਂ ਨੂੰ ਮਿਲਿਆ। ਕੁਝ ਦੇਰ ਬਾਅਦ ਉਹ ਅਕਾਲ ਤਖ਼ਤ 'ਚੋਂ ਉਠ ਕੇ, ਬਾਹਰ ਸੱਜੇ ਹੱਥ ਫਰਸ਼ ਉਤੇ ਹੀ ਬੈਠ ਗਏ। ਉਹਨਾਂ ਦੇ ਨਾਲ ਹੀ ਸਨ, ਸਰਦਾਰ ਸਵਰਨ ਸਿੰਘ ਫ਼ਰਾਸ਼ ਤੇ ਸਰਦਾਰ ਹਰੀ ਸਿੰਘ ਸੇਵਾਦਾਰ, ਜਿਹੜੇ ਸਾਰੀ ਕਾਰਵਾਈ ਦੌਰਾਨ ਵੀ ਉਹਨਾਂ ਦੇ ਨਾਲ ਹੀ ਸਨ। ਇਸੇ ਲਈ ਉਹ ਗੱਲਾਂ ਦੱਸਦੇ ਦੱਸਦੇ, ਜਿਥੋਂ ਕੁਝ ਭੁਲਦਾ ਜਾਪਦਾ, ਉਸ ਦੀ ਦਰੁਸਤੀ ਉਹਨਾਂ ਰਾਹੀਂ ਕਰਾਉਂਦੇ।

''ਵੇਖੋ, ਮੈਂ ਤੁਹਾਨੂੰ ਨਾਂਹ ਨਹੀਂ ਕਰ ਸਕਿਆ, ਹੁਣ ਤੁਸੀਂ ਪੰਜਾਂ ਸੱਤਾਂ ਮਿੰਟਾਂ ਵਿਚ ਜੋ ਵੀ ਪੁਛਣਾ ਚਾਹੁੰਦੇ ਹੋ ਪੁਛ ਲਓ!''

ਥੋੜ੍ਹੀ ਚਿੰਤਾ ਹੋਈ ਕਿ ਏਡੀਆਂ ਲੰਮੀਆਂ ਕਹਾਣੀਆਂ ਦੇ ਗੋਹੜੇ 'ਚੋਂ ਪੰਜਾਂ ਸੱਤਾਂ ਮਿੰਟਾਂ ਵਿਚ ਤਾਂ ਪੂਣੀ ਵੀ



www.AKJ.Org

ਨਹੀਂ ਸੀ ਕੱਤੀ ਜਾ ਸਕਦੀ। ਫੇਰ ਵੀ ਆਪਣੇ ਪਹਿਲੇ ਸਵਾਲ ਨਾਲ ਮੈਂ ਉਹਨਾਂ ਨੂੰ ਮੁਖ਼ਾਤਬ ਹੋਇਆ।

ਦਲਬੀਰ ਚੇਤਨ : ਪਤਾ ਲੱਗਾ ਹੈ ਕਿ ਤੁਸੀਂ ਫ਼ੌਜੀ ਸਾਕੇ ਵਾਲੀ ਰਾਤ ਸ੍ਰੀ ਅਕਾਲ ਤਖ਼ਤ ਸਾਹਿਬ ਵਿਚ ਮੌਜੂਦ ਸੋ ?

ਗਿਆਨੀ ਪ੍ਰੀਤਮ ਸਿੰਘ : ਹਾਂ, ਅਕਾਲ ਤਖ਼ਤ ਦੀ ਸੇਵਾ ਦੀ ਜ਼ਿੰਮੇਵਾਰੀ ਮੇਰੇ ਸਿਰ ਸੀ, ਬਾਹਰ ਕਰਫ਼ਿਊ ਲੱਗਾ ਹੋਇਆ ਸੀ। ਇਸ ਲਈ ਮੈਂ ਤਿੰਨ ਜੂਨ ਤੋਂ ਇਥੇ ਹੀ ਰਹਿ ਰਿਹਾ ਸਾਂ। ਹੁਣ ਵੀ ਕਈ ਵਾਰ ਰਾਤ ਨੂੰ ਮੈਂ ਇਥੇ ਹੀ ਰਹਿ ਲੈਂਦਾ ਹਾਂ। ਕਿਉਂਕਿ ਸਵੇਰੇ ਅੰਮ੍ਰਿਤ ਵੇਲੇ ਤਿੰਨ ਕੁ ਵਜੇ, ਹਰ ਰੋਜ਼ ਮੇਰਾ ਇਥੇ ਹੋਣਾ ਜ਼ਰੂਰੀ ਹੁੰਦਾ ਹੈ।

ਦ. ਚੇ. : ਪਹਿਲਾਂ ਫ਼ੌਜੀ ਹਮਲਾ ਕਿਹੜੀ ਤਰੀਕ ਨੂੰ ਤੇ ਕਿੰਨੇ ਕੁ ਵਜੇ ਹੋਇਆ ?

ਗਿ. ਪ੍ਰੀ. ਸਿੰ. : ਬੀ. ਐਸ. ਐਫ. ਤੇ ਸੀ. ਆਰ. ਪੀ. ਤਾਂ ਪਹਿਲੀ ਜੂਨ ਨੂੰ ਫ਼ਾਇਰਿੰਗ ਕਰ ਚੁੱਕੀ ਸੀ, ਜਿਸ ਨਾਲ ਸ੍ਰੀ ਦਰਬਾਰ ਸਾਹਿਬ ਵਿਚ ਵੀ ਕਾਫੀ ਗੋਲੀਆਂ ਵੱਜ ਚੁੱਕੀਆਂ ਸਨ। ਪਰ ਫ਼ੌਜ ਦਾ ਅਸਲੀ ਹਮਲਾ ੪ ਜੂਨ ਨੂੰ ਸਵੇਰੇ ਕੋਈ ੪ ਵਜ ਕੇ ੪੦ ਮਿੰਟ ਉਤੇ ਹੋਇਆ। ੧੦-੧੨ ਵੱਡੇ ਗੋਲੇ ਚਲੇ, ਜਿਸ ਨਾਲ ਪਾਣੀ ਵਾਲੀ ਟੈਂਕੀ ਤੇ ਸਿੰਧੀਆਂ ਦੀ ਧਰਮਸਾਲਾ ਨੂੰ ਨੁਕਸਾਨ ਪੁੱਜਾ। ਇਸ ਤੋਂ ਬਾਅਦ ਗੋਲੀਆਂ ਰੁਕ ਰੁਕ ਕੇ ਚਲਦੀਆਂ ਹੀ ਰਹੀਆਂ।

ਦ. ਚੇ. : ਅਕਾਲ ਤਖ਼ਤ ਦੀ ਰੋਜ਼ਾਨਾ ਮਰਿਆਦਾ ਤੁਸੀਂ ਕਿਸ ਤਰੀਕ ਤੱਕ ਜਾਰੀ ਰੱਖ ਸਕੇ ?

ਗਿ. ਪ੍ਰੀ. ਸਿ. : ਪੰਜ ਜੂਨ ਦੀਆਂ ਸ਼ਾਮਾਂ ਤੱਕ ਸਭ ਕੁਝ ਆਮ ਦੀ ਤਰ੍ਹਾਂ ਅਸੀਂ ਕੀਤਾ। ਬਾਕਾਇਦਾ ਕੀਰਤਨ ਤੇ ਪਾਠ ਹੁੰਦਾ ਰਿਹਾ। ਗੋਲੀਆਂ ਜਦ ਜ਼ਿਆਦਾ ਚਲਣ ਲੱਗ ਪਈਆਂ ਤਾਂ ਅਸੀਂ ਵਧਾਅ ਤੋਂ ਉੱਠ ਕੇ ਅਕਾਲ ਤਖ਼ਤ ਦੇ ਅੰਦਰ ਆ ਗਏ। ਰਾਤ ਅੱਠ ਕੁ ਵਜੇ ਤੱਕ ਰਹਿਰਾਸ ਦਾ ਪਾਠ ਸੰਪੂਰਨ ਹੋਇਆ ਤੇ ਫੇਰ ਉਸ ਤੋਂ ਬਾਅਦ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ ਕਰ ਕੇ, ਕੋਠਾ ਸਾਹਿਬ ਵਿਖੇ ਬਰਾਜਮਾਨ ਕਰ ਦਿੱਤਾ ਗਿਆ। ਉਸ ਸਮੇਂ ਤੱਕ ਦਰਬਾਰ ਸਾਹਿਬ ਕੰਪਲੈਕਸ ਦੀ ਬਿਜਲੀ ਦੀ ਸਪਲਾਈ ਕੱਟੀ ਜਾ ਚੁੱਕੀ ਸੀ। ਮਹਾਰਾਜ ਦਾ ਹੁਕਮ ਵੀ ਅਸਾਂ ਬੈਟਰੀ ਦੇ ਚਾਨਣ ਨਾਲ ਲਿਆ।

ਦ. ਚੇ. : ਇਸ ਸਮੇਂ ਦੌਰਾਨ ਸੰਤ ਭਿੰਡਰਾਂ ਵਾਲੇ ਨਾਲ ਤੁਹਾਡੀ ਕੋਈ ਮੁਲਾਕਾਤ ਹੋਈ ?

ਗਿ. ਪ੍ਰੀ. ਸਿ. : ਪੰਜ ਜੂਨ ਤੱਕ ਤਾਂ ਸਾਰੇ ਉਥੇ ਹੀ ਸਨ—ਇਕ ਦੂਸਰੇ ਨੂੰ ਵੇਖਿਆ ਜ਼ਰੂਰ ਪਰ ਗੱਲ-ਬਾਤ ਕੋਈ ਨਹੀਂ ਹੋਈ। ਹਨੇਰਾ ਹੋਣ ਉਤੇ ਅਸੀਂ ਇਸੇ ਥਾਂ ਹੀ ਰਹੇ, ਜਿਥੋਂ ਰੋਜ਼ਾਨਾ ਮਰਿਆਦਾ ਚਲਦੀ ਹੈ। ਤੇ ਉਹ ਸਾਰੇ ਜਾਣੇ ਉਪਰ ਸਨ।

ਦ. ਚੇ. : ਕੀ ਤੁਸੀਂ ਦੱਸ ਸਕਦੇ ਹੋ ਕਿ ਸੰਤਾਂ ਦੇ ਨਾਲ ਹੋਰ ਕਿੰਨੇ ਕੁ ਸਾਥੀ ਸਨ ?

ਗਿ. ਪ੍ਰੀ. ਸਿ. : ਨਹੀਂ, ਇਸ ਦਾ ਮੈਨੂੰ ਕੋਈ ਅੰਦਾਜ਼ਾ ਨਹੀਂ।

ਦ. ਚੇ. : ਪੰਜ ਜੂਨ ਨੂੰ ਫ਼ੌਜ ਕਿੰਨੇ ਕੁ ਵਜੇ ਦਰਬਾਰ ਸਾਹਿਬ ਵਿਚ ਦਾਖ਼ਲ ਹੋਈ ?

ਗਿ. ਪ੍ਰੀ. ਸਿੰ. : ਅੰਦਾਜ਼ਨ ਰਾਤ ਦੇ ੯ ਕੁ ਵਜੇ ਸਨ। ਦਿਖਾਈ ਤਾਂ ਕੁਝ ਨਹੀਂ ਸੀ ਦਿੰਦਾ, ਪਰ ਬੂਟਾਂ ਦੀ ਆਵਾਜ਼ ਤੋਂ ਫ਼ੌਜੀਆਂ ਦੇ ਤੁਰਨ ਦਾ ਪਤਾ ਲੱਗਦਾ ਸੀ। ਉਹਨਾਂ ਸਭ ਤੋਂ ਪਹਿਲਾਂ ਅਕਾਲ ਤਖ਼ਤ ਦੇ ਸਾਹਮਣੇ ਆ ਕੇ ਅੱਥਰੂ ਗੈਸ ਛੱਡੀ। ਬਹੁਤ ਬੁਰੀ ਹਾਲਤ ਸੀ। ਮੈਂ ਆਪਣੇ ਗਲ ਵਾਲੇ ਪਰਨੇ ਨੂੰ ਭਿਉਂ ਕੇ ਅੱਖਾਂ ਉਤੇ ਫੇਰਿਆ। ਉਸ ਤੋਂ ਬਾਅਦ ਬਹੁਤ ਜ਼ਬਰਦਸਤ ਫ਼ਾਇਰਿੰਗ ਹੋਈ। ਦੋਹਾਂ ਪਾਸਿਆਂ ਤੋਂ ਗੋਲੀਆਂ ਚਲ ਰਹੀਆਂ ਸਨ। ਕਾਫ਼ੀ ਦੇਰ ਗੋਲੀ ਚਲਦੀ ਰਹੀ। ਹੌਲੀ ਹੌਲੀ ਫ਼ੌਜ ਵੱਲੋਂ ਗੋਲੀ ਚਲਣੀ ਘਟਦੀ ਗਈ। ਇੰਜ ਜਾਪਦਾ ਸੀ ਜਿਵੇਂ ਬਹੁਤੀ ਫ਼ੌਜ ਮਾਰੀ ਗਈ ਹੋਵੇ ਜਾਂ ਜਿਹੜਾ ਬਚਿਆ ਹੈ, ਉਹ ਦੌੜ ਗਿਆ ਹੋਵੇ। ਇਹੋ ਵੇਲਾ ਸੀ ਜਦੋਂ ਉਤਲੀ ਛੱਤੋਂ ਭਿੰਡਰਾਂਵਾਲੇ ਦੇ ਸਾਥੀਆਂ ਨੇ ਜੈਕਾਰੇ ਛੱਡੇ।

ਦ. ਚੇ. : ਤੁਹਾਡੇ ਨਾਲ ਹੋਰ ਕੌਣ ਸਨ ?

ਗਿ. ਪ੍ਰੀ. ਸਿ. : ਮੇਰੇ ਨਾਲ ਸਿੰਘ ਹੋਰ ਸਨ—ਇਹ ਸਰਦਾਰ ਸਵਰਨ ਸਿੰਘ ਫ਼ਰਾਸ਼ ਤੇ ਸਰਦਾਰ ਹਰੀ ਸਿੰਘ ਮੇਰੇ


www.AKJ.Org

ਨਾਲ ਹੀ ਸਨ। ਇਕ ਹੋਰ ਸਿੰਘ ਹਰਬੰਸ ਸਿੰਘ ਪੰਜ ਪਿਆਰਾ ਵੀ ਸਾਡੇ ਨਾਲ ਹੀ ਸੀ।

ਦ. ਚੇ. : ਫ਼ੌਜ ਨੇ ਆਪਣੇ ਇਸ ਜਾਨੀ ਨੁਕਸਾਨ ਤੋਂ ਬਾਅਦ ਹੀ ਟੈਂਕ ਆਦਿ ਵਰਤਣ ਦੀ ਸੋਚੀ ਹੋਵੇਗੀ ?

ਗਿ. ਪ੍ਰੀ. ਸਿ. : ਹੋ ਸਕਦਾ ਹੈ—ਕਿਉਂਕਿ ਕੋਈ ੧੦ ਕੁ ਵਜੇ ਟੈਂਕ ਪ੍ਰਕਰਮਾ ਵਿਚ ਦਾਖ਼ਲ ਹੋਏ ਤੇ ਫੇਰ 'ਸ਼ਹੀਦ ਬੁੰਗਾ' ਵਲੋਂ ਲਗਾਤਾਰ ਟੈਂਕਾਂ ਨਾਲ ਗੋਲਾਬਾਰੀ ਹੁੰਦੀ ਰਹੀ। ਸਾਰੀ ਰਾਤ ਹੀ ਇਹ ਕਾਹਰੀ ਝੱਖੜ ਝੁਲਦਾ ਰਿਹਾ। ਇਸ ਦੌਰਾਨ ਸੰਤ ਭਿੰਡਰਾਂਵਾਲੇ ਤੇ ਉਹਨਾਂ ਦੇ ਸਾਥੀ ਉਤਲੀ ਮੰਜ਼ਲ ਤੋਂ ਹੇਠਾਂ ਭੋਰੇ ਵਿਚ ਆ ਗਏ ਜਾਪਦੇ ਸਨ।

ਦ. ਚੇ. : ਤੁਸਾਂ ਇਸ ਗੋਲਾਬਾਰੀ ਦੌਰਾਨ ਸਾਰੀ ਰਾਤ ਕਿਥੇ ਆਸਰਾ ਲਿਆ ?

ਗਿ. ਪ੍ਰੀ. ਸਿ. : ਅੰਦਰ ਬਹੁਤ ਹੀ ਗੋਲੇ ਪੈ ਰਹੇ ਸਨ—ਇਸ ਲਈ ਅਸੀਂ ਅਕਾਲ ਤਖ਼ਤ ਦੇ ਬਾਹਰ ਖੱਬੇ ਹੱਥ ਇਕ ਦੀਵਾਰ ਦਾ ਆਸਰਾ ਲਈ, ਖੜੇ ਰਹੇ। ਸਾਰੀ ਰਾਤ ਲਗਾਤਾਰ ਗੋਲਾਬਾਰੀ ਹੁੰਦੀ ਰਹੀ। ਟੈਂਕਾਂ ਤੋਂ ਇਲਾਵਾ ਇੰਜ ਵੀ ਜਾਪਦਾ ਸੀ ਕਿ ਵੱਡੀਆਂ ਤੋਪਾਂ ਦੇ ਗੋਲੇ ਬਾਹਰੋਂ ਵੀ ਆ ਰਹੇ ਸਨ। ਗੋਲੀ ਕੋਈ ਇਕ ਪਾਸਿਉਂ ਨਹੀਂ ਸੀ ਚਲ ਰਹੀ—ਸਗੋਂ ਚਾਰ ਚੁਫੇਰਿਉਂ ਹੀ ਇਸ ਦਾ ਮੀਂਹ ਵਰ੍ਹਦਾ ਪਿਆ ਸੀ।

ਦ. ਚੇ. : ਦਿਨ ਚੜ੍ਹਨ ਉਤੇ ਕੀ ਤੁਸੀਂ ਭਿੰਡਰਾਂਵਾਲੇ ਨੂੰ ਵੇਖਿਆ ?

ਗਿ: ਪ੍ਰੀ. ਸਿ. : ਵੇਖਿਆ ਨਹੀਂ, ਪਰ ਉਹਨਾਂ ਦੀ ਆਵਾਜ਼ ਜ਼ਰੂਰ ਸੁਣੀ। ਜਿਹੜੀ ਕੰਧ ਦਾ ਅਸਾਂ ਆਸਰਾ ਲਿਆ ਸੀ, ਉਸ ਦੇ ਉਸ ਪਾਰ ਨਲਕਾ ਸੀ। ਉਹ ਨਲਕੇ ਉਤੇ ਕਿਸੇ ਆਪਣੇ ਸਾਥੀ ਨਾਲ ਗੱਲਾਂ ਕਰ ਰਹੇ ਸਨ। ਉਹਨਾਂ ਦੀ ਆਵਾਜ਼ ਤਾਂ ਸਾਨੂੰ ਭੁਲੀ ਹੋਈ ਨਹੀਂ ਸੀ, ਪਰ ਗੋਲੀਆਂ ਦੇ ਖੜਾਕ ਕਾਰਨ ਗੱਲਾਂ ਦੀ ਸਮਝ ਨਹੀਂ ਸੀ ਲਗ ਰਹੀ। ਇਹ ਗੱਲ ੬ ਜੂਨ ਸਵੇਰੇ ੮-੩੦ ਕੁ ਵਜੇ ਦੀ ਹੈ।

ਦ. ਚੇ. : ਆਮ ਸੁਣਨ ਵਿਚ ਆਇਆ ਹੈ ਕਿ ਇਸ ਕਾਰਵਾਈ ਦੌਰਾਨ ਬਹੁਤ ਸਾਰੇ ਸਿੰਘ ਵਰ੍ਹਦੀਆਂ ਗੋਲੀਆਂ ਵਿਚ ਵੀ, ਬਾਹਰ ਨਿਕਲਣ ਵਿਚ ਕਾਮਯਾਬ ਹੋ ਗਏ। ਇਹਨਾਂ ਹੀ ਕਾਰਨਾਂ ਕਰਕੇ ਵਿਸ਼ਵਾਸ ਕੀਤਾ ਜਾਣ ਲੱਗਾ ਕਿ ਸੰਤ ਭਿੰਡਰਾਂ ਵਾਲੇ ਵੀ ਅਕਾਲ ਤਖ਼ਤ 'ਚੋਂ ਨਿਕਲ ਗਏ ਹੋਣਗੇ। ਇਹ ਗੱਲ ਅਜੇ ਤੱਕ ਗੁੰਝਲ ਬਣੀ ਹੋਈ ਹੈ। ਤੁਸੀਂ ਹੀ ਇਕ ਅਜਿਹੇ ਸ਼ਖ਼ਸ ਹੋ ਜਿਹੜੇ ਇਸ ਗੁੰਝਲ ਨੂੰ ਖੋਲ੍ਹ ਸਕਦੇ ਹੋ ?

ਗਿ. ਪ੍ਰੀ. ਸਿ. : ਗੋਲਾਬਾਰੀ ਏਨੀ ਜ਼ੋਰਾਂ ਦੀ ਹੋ ਰਹੀ ਸੀ ਕਿ ਸਿਰ ਵੀ ਉਤਾਂਹ ਚੁੱਕ ਕੇ ਵੇਖਣਾ ਮੁਮਕਿਨ ਨਹੀਂ ਸੀ। ਜਿਵੇਂ ਮੈਂ ਦੱਸ ਹੀ ਚੁੱਕਾ ਹਾਂ ਕਿ ੮-੩੦ ਕੁ ਵਜੇ ਅਸੀਂ ਸੰਤਾਂ ਦੀ ਆਵਾਜ਼ ਸੁਣੀ। ਇਸ ਤੋਂ ਬਾਅਦ ਸਾਢੇ ਕੁ ਅੱਠ ਵਜੇ ਭਾਈ ਅਮਰੀਕ ਸਿੰਘ ਵੀ ਨਲਕੇ ਉਤੇ ਆਏ। ਕਿਸੇ ਗੋਲੇ ਦੀ ਧਮਕ ਨਾਲ ਕੰਧ ਵਿਚਲਾ ਬੂਹਾ ਦਪੱਟ ਖੁਲ੍ਹ ਗਿਆ। ਭਾਈ ਅਮਰੀਕ ਸਿੰਘ ਨੇ ਮੈਨੂੰ ਭੁੰਜੇ ਬੈਠੇ ਨੂੰ ਵੇਖ ਲਿਆ। ਉਹਨਾਂ ਨੇ ਮੈਨੂੰ ਕਿਹਾ, "ਸਿੰਘ ਸਾਹਿਬ ਜੀ, ਤੁਸੀਂ ਥੱਲੇ ਬੈਠੇ ਚੰਗੇ ਨਹੀਂ ਲੱਗਦੇ।" ਮੈਂ ਕਿਹਾ, "ਇਹੋ ਜਿਹੇ ਸਮੇਂ ਹੋਰ ਅਸੀਂ ਕਿਥੇ ਬੈਠ ਸਕਦੇ ਹਾਂ ?" ਫੇਰ ਮੈਂ ਉਹਨਾਂ ਨੂੰ ਪੁਛਿਆ, "ਬਹੁਤ ਤਬਾਹੀ ਹੋ ਚੁੱਕੀ ਹੈ, ਹੁਣ ਤੁਹਾਡਾ ਕੀ ਪ੍ਰੋਗਰਾਮ ਹੈ ?" ਉਹਨਾਂ ਦਾ ਜਵਾਬ ਸੀ ਕਿ ਅਸੀਂ ਫੈਸਲਾ ਕਰ ਲਿਆ ਹੈ ਕਿ ਸਾਢੇ ੯ ਵਜੇ ਅਕਾਲ ਤਖ਼ਤ ਤੋਂ ਬਾਹਰ ਨਿਕਲ ਕੇ ਸ਼ਹੀਦੀਆਂ ਪਾਈਆਂ ਜਾਣ।

ਦ. ਚੇ. : ਤੁਹਾਡਾ ਖ਼ਿਆਲ ਹੈ ਕਿ ਇੰਜ ਹੋਇਆ ਹੋਵੇਗਾ ?

ਗਿ. ਪ੍ਰੀ. ਸਿ. : ਯਕੀਨ ਕੀਤਾ ਜਾ ਸਕਦਾ ਹੈ ਕਿਉਂਕਿ ਉਸ ਵੇਲੇ ਕੁਝ ਗ਼ਲਤ ਕਹਿਣ ਦਾ ਸਮਾਂ ਹੀ ਨਹੀਂ ਸੀ।

ਦ. ਚੇ. : ਹਾਂ ਮੈਨੂੰ ਵੀ ਇਕ ਫ਼ੌਜੀ ਮਿਲਿਆ ਸੀ ਜਿਸਨੇ ਦਰਬਾਰ ਸਾਹਿਬ ਵਿਚਲੀ ਕਾਰਵਾਈ ਵਿਚ ਹਿੱਸਾ ਲਿਆ ਸੀ। ਉਸ ਦਾ ਵੀ ਕਹਿਣਾ ਸੀ ਕਿ ਸੰਤ ਭਿੰਡਰਾਂਵਾਲਾ ਅਖੀਰਲੇ ਸਮੇਂ ਆਪਣੇ ਸਾਥੀਆਂ ਸਮੇਤ ਜੈਕਾਰੇ ਛੱਡਦੇ, ਅਕਾਲ ਤਖਤ 'ਚੋਂ ਬਾਹਰ ਨਿਕਲ ਕੇ ਲੜਦੇ ਮਾਰੇ ਗਏ।

ਮੈਨੂੰ ਧੁੜਕੂ ਜਿਹਾ ਲੱਗਾ ਹੀ ਰਿਹਾ ਕਿ ਕਿਤੇ ਗਿਆਨੀ ਜੀ ਕਹਿ ਨਾ ਦੇਣ ਕਿ ਸਮਾਂ ਬਹੁਤ ਹੋ ਗਿਆ। ਪਰ ਗੱਲਬਾਤ ਜਿਸ ਭਾਵਨਾ ਨਾਲ ਚਲ ਰਹੀ ਸੀ, ਉਸ ਤੋਂ ਪੱਲਾ ਛੁਡਾ ਸਕਣਾ ਸ਼ਾਇਦ ਕਿਸੇ ਵੀ ਤਰ੍ਹਾਂ



www.AKJ.Org

ਸੰਭਵ ਨਹੀਂ ਸੀ।

ਦ. ਚੇ. : ਸੰਤ ਤੇ ਉਹਨਾਂ ਦੇ ਸਾਥੀ, ਬਾਹਰ ਜ਼ਰੂਰ ਜੈਕਾਰੇ ਛੱਡਦੇ ਨਿਕਲੇ ਹੋਣਗੇ—ਤੁਹਾਨੂੰ ਇਹੋ ਜਿਹਾ ਕੁਝ ਵੀ ਸੁਣਾਈ ਨਾ ਦਿੱਤਾ ?

ਗਿ. ਪ੍ਰੀ. ਸਿ. : ਅਸੀਂ ਕੋਈ ਪੌਣੇ ਕੁ ਨੌਂ ਵਜੇ ਅਕਾਲ ਤਖ਼ਤ 'ਚੋਂ ਨਿਕਲ ਕੇ ਪਿਛਲੇ ਪਾਸੇ ਬੋਹੜ ਵਾਲੀ ਹਵੇਲੀ ਵਿਚ ਆ ਗਏ ਸਾਂ—ਇਸ ਲਈ ਸਾਨੂੰ ਉਸ ਤੋਂ ਬਾਅਦ ਕੁਝ ਪਤਾ ਨਹੀਂ ਕਿ ਅਕਾਲ ਤਖ਼ਤ ਵਲ ਕੀ ਹੋਇਆ। ਉਸ 'ਬੋਹੜ ਵਾਲੀ ਹਵੇਲੀ' ਵਿਚ ਸ਼੍ਰੋਮਣੀ ਕਮੇਟੀ ਦੇ ੧੨ ਮੁਲਾਜ਼ਮ ਤੇ ਇਕ ਔਰਤ, ਜੋ ਕਿ ਇਕ ਸੇਵਾਦਾਰ ਦੀ ਸੁਪਤਨੀ ਸੀ, ਠਹਿਰੇ ਹੋਏ ਸਨ। ਅਸੀਂ ਵੀ ੬ ਜੂਨ ਤੋਂ ਲੈ ਕੇ ੮ ਜੂਨ ਤੱਕ, ਉਥੇ ਹੀ ਰਹੇ। ੮ ਜੂਨ ਨੂੰ ਸ਼ਾਮੀਂ ਤਿੰਨ ਵਜੇ ਮਿਲਟਰੀ ਉਥੇ ਵੀ ਪਹੁੰਚ ਗਈ ਤੇ ਸਾਡੇ ਨਾਲ ਬਹੁਤ ਬੁਰਾ ਸਲੂਕ ਕੀਤਾ। ਸਿਵਾਏ ਕਛਹਿਰਿਆਂ ਦੇ ਸਾਡੇ ਸਾਰੇ ਕਪੜੇ ਲੁਹਾ ਦਿਤੇ ਗਏ। ਮੈਂ ਉਹਨਾਂ ਨੂੰ ਦੱਸਿਆ ਕਿ ਮੈਂ ਸ੍ਰੀ ਅਕਾਲ ਤਖਤ ਦਾ ਹੈੱਡ ਗ੍ਰੰਥੀ ਹਾਂ—ਇਹ ਬਾਕੀ ਦੇ ਬੰਦੇ ਵੀ ਕਮੇਟੀ ਦੇ ਮੁਲਾਜ਼ਮ ਹਨ, ਪਰ ਸਾਡੀ ਕਿਸੇ ਨੇ ਇਕ ਨਾ ਸੁਣੀ। ਮੈਂ ਉਹਨਾਂ ਨੂੰ ਆਪਣਾ ਐਡੈਂਟੀ-ਕਾਰਡ ਵੀ ਵਿਖਾਇਆ, ਪਰ ਉਹ ਪੂਰੇ ਗ਼ਰੂਰ ਵਿਚ ਸਨ। ਸਾਨੂੰ ਸਾਰਿਆ ਨੂੰ ਗੋਲੀ ਮਾਰਨ ਲਈ ਇਕ ਕਤਾਰ ਵਿਚ ਖੜਾ ਕਰਾ ਲਿਆ ਗਿਆ। ਉਹਨਾਂ ਕੋਲ ਐਲ. ਐਮ. ਜੀ. ਸੀ। ਉਹਨਾਂ 'ਚੋਂ ਇਕ ਨੇ ਕਿਹਾ, ਇਸ ਮੈਗਜ਼ੀਨ ਵਿਚ ਤਾਂ ਸਿਰਫ ਦੋ ਹੀ ਗੋਲੀਆਂ ਹਨ—ਨਵਾਂ ਮੈਗਜ਼ੀਨ ਲੋਡ ਕਰ ਲੈ। ਉਹ ਨਵਾਂ ਮੈਗਜ਼ੀਨ ਲੋਡ ਕਰਨ ਹੀ ਲੱਗੇ ਸਨ ਕਿ ਇਕ ਰਤਨ ਸਿੰਘ ਨਾਂ ਦਾ ਕਮਾਡਿੰਗ ਅਫ਼ਸਰ (ਮੇਜਰ) ਉਥੇ ਆ ਗਿਆ। ਉਹ ਬੋਲੀ ਤੋਂ ਜਾਟ ਲੱਗਦਾ ਸੀ। ਉਹਨੇ ਸਿਪਾਹੀਆਂ ਨੂੰ ਹੁਕਮ ਦਿੱਤਾ ਕਿ ਸਾਨੂੰ ਥੜਾ ਸਾਹਿਬ ਦੇ ਲਾਗੇ ਮੰਦਰ ਪਾਸ ਪਹੁੰਚਾ ਦਿਤਾ ਜਾਵੇ।

ਇਸ ਤੋਂ ਬਾਅਦ ਉਹ ਸਾਨੂੰ ਕਾਠੀਆਂ ਵਾਲੇ ਬਜ਼ਾਰ ਵਿਚ ਜੋ ਮੰਦਰ ਹੈ, ਉਥੇ ਲੈ ਗਏ। ਮੰਦਰ ਲਾਗੇ ਪਹਿਲਾਂ ਵੀ ੪੦—੫੦ ਸਿੱਖਾਂ ਨੂੰ ਹੱਥ ਬੰਨ੍ਹ ਕੇ ਬਿਠਾਇਆ ਹੋਇਆ ਸੀ ਤੇ ਰਾਈਫਲ ਦਿਆਂ ਬੱਟਾਂ ਤੇ ਪੈਰਾਂ ਦਿਆਂ ਠੁਡਿਆਂ ਨਾਲ ਮਾਰ ਕੁਟਾਈ ਕੀਤੀ ਜਾ ਰਹੀ ਸੀ। ਕਿਸੇ ਨੂੰ ਪਾਣੀ ਤੱਕ ਪੀਣ ਦੀ ਇਜਾਜ਼ਤ ਨਹੀਂ ਸੀ। ਜੇ ਕੋਈ ਮਾੜਾ ਮੋਟਾ ਵੀ ਹਿੱਲੇ ਤਾਂ ਉਸ ਨੂੰ ਗੋਲੀ ਮਾਰਨ ਦਾ ਹੁਕਮ ਸੀ। ਸਾਨੂੰ ਵੀ ਉਹਨਾਂ ੪੦-੫੦ ਸਿੱਖਾਂ ਨਾਲ ਬਿਠਾ ਦਿਤਾ ਗਿਆ। ਉਥੇ, ਉਸੇ ਮੇਜਰ ਨੇ ਸਾਡੇ ਨਾਲ ਆ ਕੇ ਗੱਲਬਾਤ ਸ਼ੁਰੂ ਕੀਤੀ। ਉਹ ਬਹੁਤ ਉਚੀ ਉੱਚੀ ਬੋਲ ਤੇ ਗਾਲ੍ਹਾਂ ਕੱਢ ਰਿਹਾ ਸੀ। ਉਸ ਨੇ ਕਿਹਾ, ਕਿ ਤੁਸੀਂ ਸਾਰੇ ਅਤਿਵਾਦੀ ਹੋ। ਮੈਂ ਉਸ ਨੂੰ ਦੱਸਿਆ ਕਿ ਮੈਂ ਸ੍ਰੀ ਅਕਾਲ ਤਖ਼ਤ ਦਾ ਹੈੱਡ ਗ੍ਰੰਥੀ ਹਾਂ, ਪਰ ਉਸ ਨੇ ਕੋਈ ਗੱਲ ਨਾ ਸੁਣੀ। ਮੈਨੂੰ ਇਕ ਫੌਜੀ ਨੇ ਗਾਲ੍ਹ ਕੱਢ ਕੇ ਪੁਛਿਆ ਕਿ ਮੈਂ ਸਿੱਖ ਹਾਂ ਕਿ ਮੁਸਲਮਾਨ ? ਮੈਂ ਕਿਹਾ, ਮੈਂ ਗੁਰੂ ਰਾਮ ਦਾਸ ਦਾ ਅਦਨਾ ਜਿਹਾ ਸੇਵਕ ਹਾਂ। ਉਸ ਦਾ ਕਹਿਣਾ ਸੀ ਕਿ ਸੱਦ ਹੁਣ ਆਪਣੇ ਗੁਰੂ ਰਾਮ ਦਾਸ ਨੂੰ, ਤੇਰੀ ਰਾਖੀ ਕਰੇ। ਮਨ 'ਚੋਂ ਇਕ ਹੂਕ ਨਿਕਲੀ ਕਿ ਅੱਜ ਫੌਜ ਮੈਨੂੰ ਨਹੀਂ, ਮੇਰੇ ਗੁਰੂ ਦੇ ਨਾਂ ਨੂੰ ਵੰਗਾਰ ਰਹੀ ਸੀ। ਮਨ ਹੀ ਮਨ ਆਪਣੇ ਗੁਰੂ ਨੂੰ ਧਿਆਇਆ ਕਿ ਹੇ ਸੱਚਿਆ ਪਾਤਸ਼ਾਹ, ਮੇਰੀ ਭਾਵੇਂ ਨਾ, ਪਰ ਆਪਣੇ ਨਾਮ ਦੀ ਲਾਜ ਰੱਖ। ਫੌਜ ਨੂੰ ਚਾਹ ਪਾਣੀ ਪਿਆਉਣ ਆਏ ਕੁਝ ਹਿੰਦੂਆਂ ਨੇ ਮੈਨੂੰ ਪਛਾਣ ਲਿਆ। ਉਹਨਾਂ ਨੇ ਵੀ ਮੇਜਰ ਕੋਲ ਮੇਰੀ ਸਫ਼ਾਰਸ਼ ਕੀਤੀ। ਉਸ ਮੇਜਰ ਨੇ ਵਾਇਰਲੈੱਸ ਉਤੇ ਆਪਣੇ ਏਰੀਆ ਇਨਚਾਰਜ ਨਾਲ ਕੋਈ ਗੱਲ ਕੀਤੀ। ਫੇਰ ਉਸ ਨੇ ਮੈਨੂੰ ਆਪਣੇ ਕੋਲ ਬੁਲਾਇਆ ਤੇ ਬੈਠਣ ਲਈ ਕੁਰਸੀ ਵੀ ਦਿਤੀ। ਇਹ ਮੇਰੇ ਗੁਰੂ ਨੇ ਆਪ ਬਹੁੜ ਕੇ ਬਿਰਧ ਦੀ ਪੈਜ ਰੱਖੀ ਸੀ। ਕਈ ਵਾਰ ਮੈਂ ਸੋਚਦਾ ਹਾਂ ਕਿ ਸਤਿਗੁਰਾਂ ਨੇ ਇਸ ਅਸਥਾਨ ਦੀ ਹੋਰ ਸੇਵਾ ਅਜੇ ਮੇਰੇ ਕੋਲੋਂ ਕਰਵਾਉਣੀ ਸੀ, ਨਹੀਂ ਤਾਂ ਬਚਣ ਦਾ ਕੋਈ ਤੁਕ ਨਹੀਂ ਸੀ।

ਮੇਜਰ ਨੇ ਮੈਨੂੰ ਕਿਹਾ, ਕਿ ਵੇਖੋ ਤੁਸੀਂ ਧਾਰਮਿਕ ਵਿਅਕਤੀ ਹੋ, ਇਸ ਲਈ ਮੈਂ ਜੋ ਵੀ ਪੁੱਛਾਂਗਾ, ਸੱਚੋ ਸੱਚ ਦੱਸਣਾ। ਮੈਂ ਕਿਹਾ, ਹਾਂ ਮੈਂ ਬਿਲਕੁਲ ਸੱਚ ਦੱਸਾਂਗਾ। ਉਹਨੇ ਪੁੱਛਿਆ ਕਿ ਕੀ ਮੇਰੇ ਨਾਲ ਦੇ ੧੨



www.AKJ.Org

ਵਿਅਕਤੀ ਕਮੇਟੀ ਦੇ ਮੁਲਾਜ਼ਮ ਹਨ—ਮੈਂ ਸਾਰਿਆਂ ਦੀ ਸ਼ਾਹਦੀ ਭਰੀ। ਫੇਰ ਉਹਨੇ ਮੇਰੇ ਕੋਲੋਂ ਉਹਨ ੪੦-੫੦ ਬੰਦਿਆਂ ਬਾਰੇ ਪੁਛਿਆ। ਉਹਨਾਂ 'ਚੋਂ ਮੈਂ ਕਿਸੇ ਨੂੰ ਨਹੀਂ ਸੀ ਜਾਣਦਾ, ਇਸ ਲਈ ਕਹਿ ਦਿਤਾਂ ਕਿ ਹੋ ਸਕਦਾ ਹੈ ਇਹਨਾਂ ਵਿਚ ਕੁਝ ਨਵੇਂ ਮੁਲਾਜ਼ਮ ਹੋਣ, ਜਿਨ੍ਹਾਂ ਨੂੰ ਮੈਂ ਨਾ ਜਾਣਦਾ ਹੋਵਾਂ। ਉਹਨੇ ਕਿਹਾ, ਨਹੀਂ, ਇਹ ਸਭ ਭਿੰਡਰਾਂ ਵਾਲੇ ਦੇ ਆਦਮੀ ਹਨ।

ਮੈਂ ਉਸ ਮੇਜਰ ਕੋਲ ਗਿਲਾ ਕੀਤਾ ਕਿ ਸਾਨੂੰ ਆਪਣੀ ਫ਼ੋਜ ਉਤੇ ਬੜਾ ਮਾਣ ਸੀ। ਫ਼ੋਜ ਦੇਸ਼ ਦੀ ਸਭ ਤੋਂ ਵਧ ਜ਼ਾਬਤੇ ਵਾਲੀ ਸੰਸਥਾ ਹੁੰਦੀ ਹੈ ਪਰ ਤੁਸਾਂ ਸਾਡੇ ਨਾਲ ਬੜਾ ਬੁਰਾ ਸਲੂਕ ਕੀਤਾ ਹੈ। ਮੇਜਰ ਨੇ ਕਿਹਾ ਕਿ ਇਹ ਸਾਰਾ ਕੁਝ ਸਾਡੇ ਵੀ ਵਸੋਂ ਬਾਹਰਾ ਹੈ। ਉਹਨੇ, ਜੋ ਕੁਝ ਵੀ ਹੋਇਆ, ਉਸ ਲਈ ਅਫ਼ਸੋਸ ਜ਼ਾਹਰ ਕੀਤਾ। ਫੇਰ ਸਾਨੂੰ ਚਾਹ ਪਾਣੀ ਵੀ ਪਿਆਇਆ ਗਿਆ ਤੇ ਬਾਕੀ ਨਾਲੋਂ ਸਾਨੂੰ ਵਖਰਾ ਕਰ ਦਿਤਾ। ਮੇਜਰ ਨੇ ਕਿਹਾ ਕਿ ਮੈਂ ਤੁਹਾਨੂੰ ਛੱਡ ਕਿਸੇ ਤਰ੍ਹਾਂ ਵੀ ਨਹੀਂ ਸਕਦਾ। ਇਸ ਲਈ ਬਿਹਤਰ ਰਹੇਗਾ ਕਿ ਤੁਹਾਨੂੰ ਮਿਲਟਰੀ ਕੈਂਪ ਭੇਜ ਦਿਤਾ ਜਾਵੇ, ਉਥੋਂ ਕੁਝ ਦਿਨਾਂ ਬਾਅਦ ਤੁਹਾਨੂੰ ਛੱਡ ਦਿਤਾ ਜਾਵੇਗਾ।

ਫੇਰ ਇਕ ਹਵਾਲਦਾਰ ਮੇਜਰ ਸਾਨੂੰ ਲੈ ਕੇ ਮਾਈ ਸੇਵਾਂ ਦੇ ਬਜ਼ਾਰ ਵੱਲ ਤੁਰ ਪਿਆ। ਰਾਹ ਵਿਚ ਅਸੀਂ ਕਈਆਂ ਸਿੱਖਾਂ ਦੀਆਂ ਰੁਲਦੀਆਂ ਲਾਸ਼ਾਂ ਵੀ ਵੇਖੀਆਂ। ਬਜ਼ਾਰ ਵਿਚ ਖਲੋਤੇ ਫ਼ੋਜੀ ਸਾਨੂੰ ਮਾਰਨ ਲਈ ਵੀ ਪਏ, ਪਰ ਹਵਾਲਦਾਰ ਮੇਜਰ ਨੇ ਸਾਰਿਆਂ ਨੂੰ ਵਰਜ ਦਿਤਾ। ਮਈ ਸੇਵਾਂ ਦੇ ਬਜ਼ਾਰ ਵਿਚ ਫ਼ਕੀਰ ਸਿੰਘ ਦੀ ਦੁਕਾਨ ਸਾਹਮਣੇ ਸਾਨੂੰ ਲਿਆ ਕੇ ਖੜਾ ਕਰ ਦਿਤਾ ਗਿਆ। ਇਸ ਤੋਂ ਬਾਅਦ ਸਾਨੂੰ ਇਕ ਟਰੱਕ ਵਿਚ ਲਿਜਾਇਆ ਗਿਆ। ਉਹ ਲਾਸ਼ਾਂ ਢੋਣ ਵਾਲਾ ਟਰੱਕ ਸੀ ਤੇ ਲਹੂ ਨਾਲ ਲਿਬੜਿਆ ਹੋਇਆ ਸੀ। ਬਚਾਅ ਬਚਾਅ ਕੇ ਰੱਖਦਿਆਂ ਵੀ ਸਾਡੇ ਕੱਪੜਿਆਂ ਨੂੰ ਲਹੂ ਲਗ ਗਿਆ।

ਦ. ਚੇ. : ਇਹ ਗੱਲ ਕਿੰਨੇ ਕੁ ਵਜੇ ਦੀ ਹੈ ?

ਗਿ. ਪ੍ਰੀ. ਸਿ. : ਮਿਲਟਰੀ ਕੈਂਪ ਪਹੁੰਚਦਿਆਂ ਸਾਨੂੰ ਤਰਕਾਲਾਂ ਪੈ ਗਈਆਂ ਸਨ। ਉਥੇ ਇਕ ਸਿੱਖ ਮੇਜਰ ਸੀ। ਮੈਂ ਉਸ ਨੂੰ ਆਪਣੇ ਬਾਰੇ ਦੱਸਿਆ—ਉਸ ਨੇ ਸਾਨੂੰ ਪਾਣੀ ਵਗੈਰਾ ਪਿਆਇਆ ਤੇ ਆਖਿਆ ਕਿ ਇਸ ਕੈਂਪੀ ਵਿਚ ਤਾਂ ਲੋਕਾਂ ਨਾਲ ਬੜਾ ਭੈੜਾ ਸਲੂਕ ਕੀਤਾ ਜਾ ਰਿਹਾ ਹੈ—ਮੈਂ ਤੁਹਨੂੰ ਸੈਨਿਕ ਸਕੂਲ ਵਾਲੇ ਕੈਂਪ ਵਿਚ ਭੇਜ ਦਿੰਦਾ ਹਾਂ, ਉਥੇ ਤੁਸੀਂ ਠੀਕ ਰਹੋਗੇ। ਉਸ ਵੇਲੇ ਤੱਕ ਰਾਤ ਪੈ ਚੁੱਕੀ ਸੀ। ਸੈਨਿਕ ਸਕੂਲ ਵਿਚ ਸਾਨੂੰ ਇਕ ਕਮਰੇ ਵਿਚ ਡੱਕ ਦਿਤਾ ਗਿਆ। ਉਥੇ ਵੀ ਬੜੀ ਭੈੜੀ ਹਾਲਤ ਸੀ। ਕਮਰੇ ਵਿਚ ਪਹਿਲਾਂ ਵੀ ਬਹੁਤ ਸਾਰੇ ਲੋਕ ਤੂੜੇ ਹੋਏ ਸਨ। ਅਤਿ ਦੀ ਗਰਮੀ—ਸਭ ਬੂਹੇ ਬਾਰੀਆਂ ਵੀ ਬੰਦ ਸਨ। ਥੱਲੇ ਫ਼ਰਸ਼ ਉਤੇ ਕਲੀ ਖਿਲਰੀ ਹੋਈ ਸੀ—ਖ਼ੈਰ ਅਸੀਂ ਕਿਸੇ ਨਾ ਕਿਸੇ ਤਰ੍ਹਾਂ ਰਾਤ ਕੱਟੀ।

੯ ਜੂਨ ਦਾ ਦਿਨ ਚੜ੍ਹਿਆ ਤਾਂ ਮੈਂ ਕਿਸੇ ਨਾ ਕਿਸੇ ਤਰ੍ਹਾਂ ਉਸ ਕਮਰੇ 'ਚੋਂ ਬਾਹਰ ਨਿਕਲਣਾ ਚਾਹੁੰਦਾ ਸਾ। ਮੈਂ ਸੰਤਰੀ ਨੂੰ ਦੱਸਿਆ ਵੀ ਕਿ ਮੈਂ ਦਿਲ ਦਾ ਮਰੀਜ਼ ਹਾਂ। ਇਸ ਲਈ ਮੈਨੂੰ ਡਿਸਪੈਂਸਰੀ ਤੱਕ ਜਾਣ ਦੀ ਆਗਿਆ ਦਿਤੀ ਜਾਵੇ, ਪਰ ਸਿਪਾਹੀ ਨੇ ਨਾਂਹ ਕਰ ਦਿਤੀ। ਦੁਪਹਿਰ ਦੇ ਦੋ ਕੁ ਵਜੇ ਮੈਂ ਪਿਸ਼ਾਬ ਕਰਨ ਦੀ ਛੁਟੀ ਲੈ ਕੇ ਬਾਹਰ ਨਿਕਲਿਆ, ਉਥੇ ਇਕ ਸਿੱਖ ਹਵਾਲਦਾਰ ਮਿਲਿਆ। ਮੈਂ ਉਸ ਨੂੰ ਆਪਣੀ ਸਾਰੀ ਕਹਾਣੀ ਦੱਸੀ। ਉਹ ਮੈਨੂੰ ਡਿਸਪੈਂਸਰੀ ਵਿਚ ਲੈ ਗਿਆ। ਪਰ ਉਥੇ ਡਾਕਟਰ ਹੈ ਨਹੀਂ ਸੀ, ਇਸ ਲਈ ਮੈਨੂੰ ਉਤ ਬਿਠਾ ਦਿਤਾ ਗਿਆ। ਸਾਹਮਣੇ ਹੀ ਵਿੰਗ-ਕਮਾਂਡਰ ਦਾ ਦਫ਼ਤਰ ਸੀ। ਸ਼ੀਸ਼ੇ ਦੀ ਬਾਰੀ ਵਿਚੋਂ ਬਾਹਰ ਸਭ ਕੁਝ ਦਿੱਸਦਾ ਸੀ। ਉਥੇ ਬੈਠਿਆਂ ਹੀ ਮੈਨੂੰ ਸੀ.ਆਈ.ਡੀ. ਇੰਨਸਪੈਕਟਰ ਹਰਜੀਤ ਸਿੰਘ ਨੇ ਵੇਖਿਆ। ਡਿ: ਕਮਾਂਡਿ ਗ ਦੇ ਦਫ਼ਤਰ ਵਿਚ ਸੁਰਜੀਤ ਸਿੰਘ ਮੀਤ ਸਕੱਤਰ ਧਰਮ ਪ੍ਰਚਾਰ ਅਤੇ ਗੁਰਬਚਨ ਸਿੰਘ ਚੀਫ਼ ਇਨਸਪੈਕਟਰ ਬੈਠੇ ਸਨ। ਉਹਨਾਂ ਨੇ ਜਦ ਪਿਛਾਂਹ ਨੂੰ ਵੇਖਿਆ ਤਾਂ ਮੈਂ ਹੱਥ ਮਾਰਿਆ। ਉਹਨ ਾਂ ਮੈਨੂੰ ਪਛਾਣ ਲਿਆ। ਉਹਨਾਂ ਵਿੰਗ ਕਮਾਂਡਰ ਨੂੰ ਦਸਿਆ। ਉਸ ਤੋਂ ਬਾਅਦ ਮੈਨੂੰ ਮੈੱਸ ਦੇ ਬੰਗਲੇ ਭੇਜ ਦਿਤਾ। ਉਥੇ ਹੀ ਸ਼੍ਰੋਮਣ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਮੈਂਬਰ ਦਰਸ਼ਨ ਸਿੰਘ ਈਸਾਪੁਰ, ਦਾਰਾ ਸਿੰਘ ਐਡਵੋਕੇਟ, ਅਬਨਾਸ਼ੀ ਸਿੰਘ,


www.AKJ.Org

ਭਾਨ ਸਿੰਘ ਸਕੱਤਰ ਅਤੇ ਬੀਬੀ ਅਮਰਜੀਤ ਕੌਰ ਆਦਿ ਸਾਰੇ ਸਨ। ਸੰਤ ਲੌਂਗੋਵਾਲ ਤੇ ਟੌਹੜਾ ਨੂੰ ਜੋਧਪੁਰ ਲਿਜਾਇਆ ਜਾ ਚੁੱਕਾ ਸੀ। ਸੰਤ ਲੌਂਗੋਵਾਲ ਤੇ ਟੌਹੜਾ ਸਾਹਿਬ ਨੇ ਸੋਚ ਲਿਆ ਸੀ ਕਿ ਮੈਂ ਜ਼ਰੂਰ ਚੜ੍ਹਾਈਆਂ ਕਰ ਗਿਆ ਹੋਵਾਂਗਾ। ਮੈੱਸ ਦੇ ਬੰਗਲੇ ਖੜਨ ਤੋਂ ਪਹਿਲਾਂ ਉਥੇ ਮੈਨੂੰ ਉਚੇਚੇ ਤੌਰ ਉਤੇ ਰੋਟੀ ਖਵਾਈ ਗਈ ਤੇ ਕਰਨਲ ਸ਼ਰਮਾ ਨੇ ਸਾਡੇ ਨਾਲ ਹੋਈਆਂ ਵਧੀਕੀਆਂ ਤੇ ਜ਼ਿਆਦਤੀਆਂ ਲਈ ਅਫ਼ਸੋਸ ਜ਼ਾਹਰ ਕੀਤਾ। ਫੇਰ ਮੈਨੂੰ ਆਪਣੀ ਗੱਡੀ 'ਚ ਬਿਠਾ ਕੇ ਮੈੱਸ-ਬੰਗਲੇ ਵਿਚ ਲੈ ਗਏ। ਇਥੇ ਮੈਨੂੰ ਕਿਸੇ ਕਿਸਮ ਦੀ ਤਕਲੀਫ਼ ਨਹੀਂ ਆਈ, ਪਰ ਮਨ ਬੜਾ ਅਸ਼ਾਂਤ ਸੀ। ਅਸੀਂ ਸਾਰੇ ਜਣੇ ਰਲ ਕੇ ਸਵੇਰੇ ਸ਼ਾਮ ਗੁਰਬਾਣੀ ਪੜ੍ਹਦੇ। ੧੭ ਜੂਨ ਨੂੰ ਸਿੰਘ ਸਾਹਿਬਾਨ ਦੀ ਮੀਟਿੰਗ ਸੀ, ਇਸ ਲਈ ਮੈਨੂੰ ਮਿਲਟਰੀ ਦੇ ਸਖ਼ਤ ਪਹਿਰੇ ਵਿਚ ਦਰਬਾਰ ਸਾਹਿਬ ਲਿਆਂਦਾ ਗਿਆ।

ਦ. ਚੇ. : ਉਹ ਜਿਹੜੇ ੪੦-੫੦ ਬੰਦੇ ਮੰਦਰ ਵਿਚ ਬੰਨ੍ਹੇ ਹੋਏ ਸਨ, ਉਹਨਾਂ ਦਾ ਕੀ ਬਣਿਆ ?

ਗਿ. ਪ੍ਰੀ. ਸਿ. : ਸਾਨੂੰ ਤਾਂ ਮਿਲਟਰੀ ਕੈਂਪ ਭੇਜ ਦਿਤਾ ਗਿਆ, ਪਰ ਬਾਅਦ ਵਿਚ ਲੋਕਾਂ ਤੋਂ ਪਤਾ ਲੱਗਾ ਕਿ ਉਹਨਾਂ ਸਾਰਿਆਂ ਨੂੰ ਮਾਰ ਦਿਤਾ ਗਿਆ ਸੀ।

ਦ. ਚੇ. : ੧੭ ਜੂਨ ਵਾਲੀ ਸਿੰਘ ਸਾਹਿਬਾਨ ਦੀ ਮੀਟਿੰਗ ਕਾਹਦੇ ਬਾਰੇ ਸੀ ?

ਗਿ. ਪ੍ਰੀ. ਸਿ. : ਉਸ ਵਿਚ ਅਕਾਲ ਤਖ਼ਤ ਦੀ ਨਵ-ਉਸਾਰੀ ਬਾਰੇ ਫੈਸਲਾ ਕੀਤਾ ਗਿਆ ਸੀ।

ਦ. ਚੇ. : ਇਹ ਬਾਬਾ ਸੰਤਾ ਸਿੰਘ ਅਚਾਨਕ ਕਿੱਥੋਂ ਆ ਟਪਕਿਆ ?

ਗਿ. ਪ੍ਰੀ. ਸਿ. : ਇਹ ਸਰਕਾਰ ਵੱਲੋਂ ਠੋਸਿਆ ਗਿਆ ਸੀ। ਸਾਡੇ ਫ਼ੈਸਲੇ ਅਨੁਸਾਰ ਕਾਰ ਸੇਵਾ ਦਾ ਕੰਮ ਬਾਬਾ ਹਰਬੰਸ ਸਿੰਘ ਦਿੱਲੀ ਵਾਲਿਆਂ ਨੂੰ ਸੌਂਪਿਆ ਗਿਆ ਸੀ। ਉਹਨਾਂ ਨੇ ਅੱਗੋਂ ਇਹ ਸੇਵਾ ਬਾਬਾ ਖੜਕ ਸਿੰਘ ਨੂੰ ਦੇ ਦਿਤੀ। ਸਰਕਾਰ ਚਾਹੁੰਦੀ ਸੀ ਕਿ ਅਕਾਲ ਤਖਤ ਦੀ ਮੁਰੰਮਤ ਛੇਤੀ ਤੋਂ ਛੇਤੀ ਹੋ ਜਾਵੇ। ਪਰ ਅਸਾਂ ਇਹ ਸਪੱਸ਼ਟ ਕਰ ਦਿਤਾ ਸੀ ਕਿ ਪਹਿਲਾਂ ਸਰੋਵਰ ਦੀ ਸੇਵਾ ਹੋਵੇਗੀ, ਉਸ ਤੋਂ ਬਾਅਦ ਜਦੋਂ ਸੰਗਤ ਦੀ ਪੂਰਨ ਤਸੱਲੀ ਹੋ ਜਾਏਗੀ, ਫੇਰ ਅਕਾਲ ਤਖ਼ਤ ਦੀ ਨਵ-ਉਸਾਰੀ ਕੀਤੀ ਜਾਵੇਗੀ। ਪਰ ਸਰਕਾਰ ਨੇ ਸੰਤਾ ਸਿੰਘ ਵਿਚ ਲੈ ਆਂਦਾ ਤੇ ਅਕਾਲ ਤਖ਼ਤ ਦੀ ਮੁਰੰਮਤ ਸ਼ੁਰੂ ਕਰ ਦਿਤੀ।

ਦ. ਚੇ. : ਬਾਬਾ ਸੰਤਾ ਸਿੰਘ ਵੱਲੋਂ ਕਰਵਾਈ ਗਈ ਕਾਰ ਸੇਵਾ ਮੁਕੰਮਲ ਹੋਣ ਉਤੇ ਅਕਾਲ ਤਖ਼ਤ ਨੂੰ ਬਾਕਾਇਦਾ ਤੌਰ ਉਤੇ ਸਿੰਘ ਸਾਹਿਬਾਨ ਨੂੰ ਸੌਂਪਿਆ ਗਿਆ। ਇਕ ਤਨਖਾਹੀਏ ਵੱਲੋਂ ਮੁਰੰਮਤ ਕੀਤੇ ਅਕਾਲ ਤਖ਼ਤ ਨੂੰ ਸਵੀਕਾਰ ਕਰਨਾ ਕੀ ਗੁਰ ਮਰਿਆਦਾ ਦੀ ਉਲੰਘਣਾ ਨਹੀਂ ਸੀ ?

ਗਿ. ਪ੍ਰੀ. ਸਿ. : ਸਿਰਫ਼ ਅਕਾਲ ਤਖਤ ਹੀ ਨਹੀਂ, ਪੂਰੇ ਦਰਬਾਰ ਸਾਹਿਬ ਕੰਪਲੈਕਸ ਦੀ ਸੌਂਪਣਾ ਹੋਈ ਸੀ। ਤਨਖਾਹੀਆ ਬਾਬਾ ਸੰਤਾ ਸਿੰਘ ਸੀ। ਅਕਾਲ ਤਖਤ ਦੀ ਪਵਿੱਤਰਤਾ ਜਾਂ ਮਰਿਆਦਾ ਦਾ ਇਸ ਨਾਲ ਕੋਈ ਸਬੰਧ ਨਹੀਂ।

ਦ. ਚੇ. : ਅਕਾਲ ਤਖ਼ਤ ਨੂੰ ਨਵੇਂ ਸਿਰਿਉਂ ਉਸਾਰਨ ਬਾਰੇ ਫੈਸਲਾ ਹੋ ਚੁੱਕਾ ਹੈ, ਪਰ ਕਈ ਵਾਰ ਖਿਆਲ ਆਉਂਦਾ ਹੈ ਕਿ ਸਮੁੱਚਾ ਸਿੱਖ ਭਾਈਚਾਰਾ ਪਿਛਲੇ ਜੂਨ ਤੋਂ ਲੈ ਕੇ ਹੁਣ ਤੱਕ ਬਹੁਤ ਹੀ ਮੁਸ਼ਕਲਾਂ ਵਿਚੋਂ ਗੁਜ਼ਰ ਰਿਹਾ ਹੈ। ਇਹਨਾਂ ਮੁਸ਼ਕਲਾਂ ਵਿਚ, ਮਾਰੇ ਗਿਆਂ ਦੇ ਪਰਿਵਾਰ ਜਾਂ ਲੁੱਟੇ ਪੁੱਟੇ ਤੇ ਘਰੋਂ ਬੇਘਰ ਹੋਏ ਲੋਕ ਵੀ ਸ਼ਾਮਲ ਹਨ। ਕੀ ਅਜਿਹੀ ਆਰਥਿਕ ਸਮੱਸਿਆ ਦੇ ਹੁੰਦਿਆਂ, ਕਰੋੜਾਂ ਰੁਪਏ ਨਵੇਂ ਅਕਾਲ ਤਖ਼ਤ ਦੀ ਉਸਾਰੀ ਉਤੇ ਖਰਚਣੇ ਜਾਇਜ਼ ਹੋਣਗੇ ?

ਗਿ. ਪ੍ਰੀ. ਸਿ. : ਅਕਾਲ ਤਖ਼ਤ ਦੀ ਉਸਾਰੀ ਅਜੇ ਸ਼ੁਰੂ ਨਹੀਂ ਹੋਈ, ਪਰ ਉਹਨਾਂ ਲੋਕਾਂ ਨੂੰ ਵਸਾਉਣ ਦਾ ਕੰਮ ਜ਼ੋਰਾਂ ਸ਼ੋਰਾਂ ਨਾਲ ਉਦੋਂ ਦਾ ਹੀ ਜਾਰੀ ਹੈ। ਇਸੇ ਲਈ ਪਹਿਲ ਉਹਨਾਂ ਮੁਸੀਬਤ ਦੇ ਮਾਰਿਆਂ ਨੂੰ ਦਿਤੀ ਗਈ ਹੈ।

ਦ. ਚੇ. : ਫ਼ੌਜੀ ਕਾਰਵਾਈ ਤੋਂ ਬਾਅਦ ਸਿੰਘ ਸਾਹਿਬਾਨ ਕੋਲੋਂ ਬਿਆਨ ਦਿਵਾਏ ਜਾ ਰਹੇ ਸਨ ਕਿ 'ਕੋਠਾ ਸਾਹਿਬ ਠੀਕ ਠਾਕ ਹੈ', ਕਿਰਪਾ ਕਰ ਕੇ ਕੋਠਾ ਸਾਹਿਬ ਦੀ ਮਹੱਤਤਾ ਉਤੇ ਕੁਝ ਚਾਨਣਾ ਪਾਉ ?


www.AKJ.Org

ਗਿ. ਪ੍ਰੀ. ਸਿ. : ਇਕ ਗੱਲ ਸਮਝਣ ਦੀ ਬਹੁਤ ਵੱਡੀ ਲੋੜ ਹੈ। ਭਾਵੇਂ ਕੋਠਾ ਸਾਹਿਬ ਅੱਜ ਅਕਾਲ ਤਖ਼ਤ ਦਾ ਹੀ ਇਕ ਹਿੱਸਾ ਸਮਝਿਆ ਜਾਣ ਲਗ ਪਿਆ ਹੈ, ਪਰ ਇਸ ਦੀ ਵੱਖਰੀ ਮਹੱਤਤਾ ਵੀ ਹੈ। ਕੋਠਾ ਸਾਹਿਬ ਦੀ ਉਸਾਰੀ ਅਕਾਲ ਤਖ਼ਤ ਸਾਹਿਬ ਤੋਂ ਪਹਿਲਾਂ ਹੋਈ। ਸ੍ਰੀ ਅਕਾਲ ਤਖ਼ਤ ਦੀ ਉਸਾਰੀ ਛੇਵੇਂ ਪਾਤਸ਼ਾਹ ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਵੇਲੇ ਹੋਈ, ਜਦੋਂ ਕਿ ਕੋਠਾ ਸਾਹਿਬ ਦੀ ਉਸਾਰੀ ਗੁਰੂ ਅਰਜਨ ਦੇਵ ਜੀ ਦੇ ਸਮੇਂ ਹੋਈ। ਹਰਿਮੰਦਰ ਸਾਹਿਬ ਸੇਵਾ ਕਰਵਾਉਣ ਸਮੇਂ ਗੁਰੂ ਅਰਜਨ ਦੇਵ ਜੀ ਕੋਠਾ ਸਾਹਿਬ ਵਿਖੇ ਵਿਸ਼ਰਾਮ ਕਰਿਆ ਕਰਦੇ ਸਨ। ਜਦ ਗੁਰੂ ਗ੍ਰੰਥ ਸਾਹਿਬ ਦੀ ਸੰਪਾਦਨਾ ਗੁਰੂ ਅਰਜਨ ਦੇਵ ਜੀ ਨੇ ਸੰਪੂਰਨ ਕੀਤੀ ਤਾਂ ਗੁਰੂ ਗ੍ਰੰਥ ਸਾਹਿਬ ਦਾ ਪ੍ਰਕਾਸ਼ ਸ੍ਰੀ ਹਰਿਮੰਦਰ ਸਾਹਿਬ ਵਿਖੇ ਕਰਵਾਇਆ ਗਿਆ ਤੇ ਬਾਬਾ ਬੁੱਢਾ ਜੀ ਨੂੰ ਗ੍ਰੰਥੀ ਥਾਪਿਆ। ਉਦੋਂ ਤੋਂ ਹੀ ਪ੍ਰੰਪਰਾ ਚਲੀ ਆਉਂਦੀ ਹੈ ਕਿ ਗੁਰੂ ਗ੍ਰੰਥ ਸਾਹਿਬ ਦਾ ਸੁਖਆਸਣ ਕਰਨ ਉਪਰੰਤ ਇਸ ਨੂੰ ਕੋਠਾ ਸਾਹਿਬ ਵਿਖੇ ਬਿਰਾਜਮਾਨ ਕੀਤਾ ਜਾਂਦਾ ਹੈ। ਗੁਰੂ ਗ੍ਰੰਥ ਸਾਹਿਬ ਜਦ ਇਥੇ ਬਿਰਾਜਮਾਨ ਹੋਣ ਲੱਗਾ ਤਾਂ ਗੁਰੂ ਅਰਜਨ ਦੇਵ ਜੀ ਇਸੇ ਕੋਠਾ ਸਾਹਿਬ ਵਿਖੇ ਆਪ ਭੁੰਜੇ ਵਿਸ਼ਰਾਮ ਕਰਨ ਲਗ ਪਏ। ਇਹ ਮਹਾਰਾਜ ਦੀ ਕ੍ਰਿਪਾ ਹੀ ਸਮਝੋ ਕਿ ਫੌਜੀ ਕਾਰਵਾਈ ਵੇਲੇ ਗੁਰੂ ਗ੍ਰੰਥ ਸਾਹਿਬ ਦੇ ਪਾਵਨ ਸਰੂਪ ਤੇ ਸ੍ਰੀ ਪਲੰਘ ਸਾਹਿਬ ਨੂੰ ਕੋਈ ਨੁਕਸਾਨ ਨਹੀਂ ਪੁਜਾ।

ਦ. ਚੇ. : ਗਿਆਨੀ ਜ਼ੈਲ ਸਿੰਘ ਨੂੰ ਅਕਾਲ ਤਖਤ ਉਤੇ ਹਾਜ਼ਰ ਹੋਏ ਬਗੈਰ ਹੀ ਬਖ਼ਸ਼ ਦਿਤਾ ਗਿਆ, ਜਿਸ ਨਾਲ ਇੰਜ ਲੱਗਾ ਕਿ ਜਾਂ ਤਾਂ ਗਿਆਨੀ ਜ਼ੈਲ ਸਿੰਘ ਮਹਾਰਾਜਾ ਰਣਜੀਤ ਸਿੰਘ ਨਾਲੋਂ ਵੀ ਮਹਾਨ ਹਨ ਤੇ ਜਾਂ ਫੇਰ ਸਾਡੇ ਸਿੰਘ ਸਾਹਿਬਾਨ ਵਿਚ ਹੀ ਉਹ ਕਣੀ ਨਹੀਂ ਰਹੀ ?

ਗਿ. ਪ੍ਰੀ. ਸਿ. : ਗਿਆਨੀ ਜ਼ੈਲ ਸਿੰਘ ਉਤੇ ਤਿੰਨ ਇਲਜ਼ਾਮ ਸਨ—ਫ਼ੌਜ ਨੂੰ ਦਰਬਾਰ ਸਾਹਿਬ ਉਤੇ ਕਾਰਵਾਈ ਲਈ ਹੁਕਮ ਦੇਣਾ—ਬੂਟਾਂ ਸਮੇਤ ਪ੍ਰਕਰਮਾਂ ਵਿਚ ਦਾਖ਼ਲ ਹੋਣਾ ਤੇ ਸਿਰ ਉਤੇ ਛੱਤਰ ਦਾ ਝੁਲਦੇ ਰੱਖਣਾ। ਉਹਨਾਂ, ਇਲਜ਼ਾਮਾਂ ਲਈ ਸਪੱਸ਼ਟੀਕਰਣ ਭੇਜਿਆ। ਸਪੱਸ਼ਟੀਕਰਣਾਂ ਦੀ ਘੋਖ ਤੋਂ ਬਾਅਦ ਇਹ ਮਹਿਸੂਸ ਕੀਤਾ ਗਿਆ ਕਿ ਉਹਨਾਂ ਉਤੇ ਇਹ ਤਿੰਨੇ ਇਲਜ਼ਾਮ ਕਿਸੇ ਵੀ ਤਰ੍ਹਾਂ ਸਾਬਤ ਨਹੀਂ ਹੁੰਦੇ। ਰਹੀ ਬਖ਼ਸ਼ਣ ਦੀ ਗੱਲ—ਉਹਨਾਂ ਨੂੰ ਬਖਸ਼ਿਆ ਉਦੋਂ ਹੀ ਗਿਆ, ਜਦ ਉਹ ਅਕਾਲ ਤਖ਼ਤ ਅੱਗੇ ਹਾਜ਼ਰ ਹੋਏ।

ਦ. ਚੇ. : ਬਾਬਾ ਸੰਤਾ ਸਿੰਘ ਨੂੰ ਪੰਥ 'ਚੋਂ ਛੇਕਣ ਦੇ ਹੁਕਮ ਤੋਂ ਬਾਅਦ ਬਾਬੇ ਵੱਲੋਂ ਅਕਸਰ ਇਹ ਇਲਜ਼ਾਮ ਲਾਇਆ ਜਾਂਦਾ ਰਿਹਾ ਕਿ ਸਿੰਘ ਸਾਹਿਬਾਨ ਤਾਂ ਆਪ ਤਨਖਾਹ ਲੈਣ ਵਾਲੇ ਲੋਕ ਹਨ—ਇਹ ਮੈਨੂੰ 'ਤਨਖਾਹੀਆ' ਕਰਾਰ ਦੇਣ ਦੇ ਹੱਕਦਾਰ ਹੀ ਨਹੀਂ ?

ਗਿ. ਪ੍ਰੀ. ਸਿ. : ਉਸ ਬਾਬੇ ਨੂੰ ਕੌਣ ਸਮਝਾਵੇ ਕਿ ਸਿੰਘ ਸਾਹਿਬ ਕਿਸੇ ਕੋਲੋਂ ਕੋਈ ਤਨਖ਼ਾਹ ਨਹੀਂ ਲੈਂਦੇ। ਅਸੀਂ ਦਫ਼ਤਰ ਵਿਚ ਆਪਣੀ ਤਨਖਾਹ ਲਈ ਕਿਤੇ ਵੀ ਦਸਖ਼ਤ ਨਹੀਂ ਕਰਦੇ। ਜੋ ਲੈਂਦੇ ਹਾਂ ਉਸ ਨੂੰ ਵੀ ਤਨਖਾਹ ਨਹੀਂ ਕਿਹਾ ਜਾਂਦਾ, ਸਗੋਂ ਗੁਜ਼ਾਰੇ ਲਈ ਨਿਰਬਾਹ ਮਾਤਰ ਭੱਤਾ ਕਿਹਾ ਜਾਂਦਾ ਹੈ। ਤੇ ਇਹ ਸਾਨੂੰ ਸਿੱਧਾ ਬੈਂਕ ਵਿਚੋਂ ਮਿਲਦਾ ਹੈ। ਜ਼ਿੰਦਗੀ ਦੀਆਂ ਲੋੜਾਂ ਦੀ ਪੂਰਤੀ ਲਈ ਇੰਜ ਕਰਨਾ ਕੋਈ ਗੁਨਾਹ ਨਹੀਂ। ਸੁਪਰੀਮ ਕੋਰਟ ਦੇ ਚੀਫ਼ ਜਸਟਿਸ ਤੋਂ ਲੈ ਕੇ ਸਾਰੇ ਜੱਜ ਤਨਖਾਹ ਲੈਂਦੇ ਹਨ, ਇਸ ਨਾਲ ਉਹ ਦੋਸ਼ੀ ਨਹੀਂ ਬਣ ਜਾਂਦੇ। ਦੋਸ਼ੀ ਕਾਨੂੰਨ ਨੂੰ ਤੋੜਨ ਵਾਲਾ ਹੀ ਹੁੰਦਾ ਹੈ। ਬਾਬਾ ਸੰਤਾ ਸਿੰਘ ਗੁਰੂ ਘਰ ਦੀ ਮਰਿਆਦਾ ਨੂੰ ਤੋੜਨ ਵਾਲਾ ਹੈ। ਫੇਰ ਉਸ ਨੇ ਆਪਣੀ ਭੁੱਲ ਵੀ ਨਹੀਂ ਬਖ਼ਸ਼ਾਈ। ਇਸ ਲਈ ਉਸ ਨੂੰ ਤਨਖਾਹੀਆ ਕਰਾਰ ਦੇ ਕੇ ਪੰਥ ਵਿਚੋਂ ਛੇਕਣ ਦਾ ਹੁਕਮਨਾਮਾ ਜਾਰੀ ਕਰਨਾ ਪਿਆ।

ਗੱਲਾਂ ਤਾਂ ਅਜੇ ਵੀ ਜਾਰੀ ਰਹਿ ਸਕਦੀਆਂ ਸਨ ਪਰ ਸਮਾਂ ਹੀ ਮੁੱਕਦਾ ਜਾ ਰਿਹਾ ਸੀ। ਗਿਆਨੀ ਪ੍ਰੀਤਮ ਸਿੰਘ ਜੀ ਦਾ ਧੰਨਵਾਦ ਕਰ ਕੇ ਮੈਂ ਅਕਾਲ ਤਖ਼ਤ ਦੀ ਉਚੀ ਇਮਾਰਤ ਸਾਹਮਣੇ ਆ ਖਲੋਤਾ। ਹਰਿਮੰਦਰ ਸਾਹਿਬ 'ਚੋਂ ਕੀਰਤਨ ਦੀਆਂ ਧੁਨਾਂ ਉਠ ਰਹੀਆਂ ਸਨ—ਅਕਾਲ ਤਖ਼ਤ ਉਤੇ ਵੀ ਗੁਰੂ ਗ੍ਰੰਥ ਸਾਹਿਬ ਦਾ ਪਾਠ ਜਾਰੀ ਸੀ। ਮੈਂ ਸੋਚ ਰਿਹਾ ਸਾਂ, ਇਹ ਕਿਹੋ ਜਿਹਾ ਤਖ਼ਤ ਹੈ ਜਿਸ ਅੱਗੇ ਝੁਕਣ ਵਾਲਿਆਂ ਦੇ ਬੱਜਰ ਗੁਨਾਹ ਵੀ ਮੁਆਫ਼ ਕਰ ਦਿਤੇ ਜਾਂਦੇ ਹਨ, ਪਰ ਇਸ ਅੱਗੇ ਅਮਨ ਵਾਲਿਆਂ ਨੂੰ ਝਾੜ ਕੇ ਰੱਖ ਦਿੱਤਾ ਜਾਂਦਾ ਹੈ।

['ਅਕਸ', ਅਗਸਤ ੧੯੮੫

www.AKJ.Org

# ਮੱਸੇ ਰੰਘੜ ਨੂੰ ਕਰਨੀ ਦਾ ਫਲ

[ਕੈਪਟਿਨ ਸਵਰਨ ਸਿੰਘ ਜੀ]

**ਇਸ ਵੇਲੇ ਪੰਜਾਬ ਸਿੰਘਾਂ ਤੋਂ ਖ਼ਾਲੀ ਪਿਆ ਸੀ—**

ਪੰਜਾਬ ਵਿਚੋਂ ਸਿੰਘਾਂ ਦੇ ਛੋਟੇ ਵੱਡੇ ਜਥੇ ਸਮੇਂ ਦੀ ਗੰਭੀਰਤਾ ਨੂੰ ਮੁਖ ਰਖ ਕੇ ਮਾਲਵੇ ਤੋਂ ਅੱਗੇ ਬੀਕਾਨੇਰ ਨੂੰ ਜਾ ਚੁਕੇ ਸਨ ਤੇ ਕਈ ਸ਼ਿਵਾਲਕ ਦੀਆਂ ਪਹਾੜੀਆਂ ਵਿਚ ਲੁਕ ਛਿਪ ਕੇ ਦਿਨ-ਕਟੀ ਕਰ ਰਹੇ ਸਨ। ਪੰਜਾਬ ਸਿੰਘਾਂ ਤੋਂ ਖ਼ਾਲੀ ਪਿਆ ਹੋਇਆ ਸੀ, ਜਿਸ ਕਰਕੇ ਮੱਸੇ ਉਤੇ ਤਤਕਾਲ ਕਾਜ਼ੀ ਅਬਦੁਰੱਜ਼ਾਕ ਵਾਂਗ ਕੋਈ ਹੱਲਾ ਨਾ ਹੋ ਸਕਿਆ। ਉਸ ਦਾ ਹੰਕਾਰ ਸਿਖਰਾਂ ਛੋਹਣ ਲੱਗਾ, ਜੋ ਬਿਲਕੁਲ ਜਾਇਜ਼ ਸੀ, ਕਿਉਂਕਿ ਦਿੱਲੀ ਤੇ ਲਾਹੌਰ ਦੀਆਂ ਸਰਕਾਰਾਂ ਉਸ ਦੀ ਪਿਠ ਤੇ ਸਨ, ਤੇ ਇਨ੍ਹਾਂ ਦੋਹਾਂ ਨੂੰ ਹਲਾਸ਼ੇਰੀ ਨਾਦਰਸ਼ਾਹ ਦੀ ਸੀ। ਤਕੜੀ ਫ਼ੌਜ ਸ੍ਰੀ ਅੰਮ੍ਰਿਤਸਰ ਨੂੰ ਘੇਰੇ ਵਿਚ ਲਈ ਬੈਠੀ ਸੀ। ਕਿਸੇ ਪਾਸਿਉਂ ਡਰ ਕੋਈ ਨਹੀਂ, ਮੁਸਲਮਾਨ ਗਾਜ਼ੀਆਂ ਦਾ ਹੱਥ ਵਟਾਉਣ ਲਈ ਨਿਰਬਲ ਤੇ ਸਾਹਸ-ਹੀਣ ਹਿੰਦੂ ਵਸੋਂ ਸੀ, ਜੋ ਬੇਗਾਰੀ ਵਿਚ ਫੜੀ ਹੋਈ ਤੇ ਮੌਤੋਂ ਡਰਦੀ ਆਪਣੇ ਹੀ ਤੀਰਥ ਨੂੰ ਢਾਹ-ਢੇਰੀ ਕਰਨ ਵਿਚ ਰੁਝੀ ਹੋਈ ਸੀ। ਕਿਸੇ ਦਾ ਹੌਸਲਾ ਨਹੀਂ ਸੀ ਪੈ ਰਿਹਾ ਕਿ ਦਮ ਮਾਰ ਸਕੇ। ਇਹ ਹਾਲਤ ਮੱਸੇ ਨੂੰ ਹਲਾਸ਼ੇਰੀ ਦੇਣ ਤੇ ਭੂਏ ਕਰਨ ਲਈ ਕਾਫ਼ੀ ਸੀ। ਫ਼ੌਜ ਦੀ ਸ਼ਹਿਰ ਵਿਚੋਂ ਖੋਹ ਮਾਹੀ ਕਰਨ ਨਾਲ ਹਾਹਾਕਾਰ ਮਚੀ ਹੋਈ ਸੀ। ਮੁਸਲਮਾਨ ਵੀ ਇਸ ਪੱਖੋਂ ਕੋਈ ਬਹੁਤੇ ਸੁਖੀ ਨਹੀਂ ਸਨ। ਸਾਰਿਆਂ ਦੀ ਜ਼ਬਾਨ ਤੇ ਸੀ ਕਿ ਏਨੀ ਅੱਤ ਮੱਸੇ ਨੂੰ ਮਹਿੰਗੀ ਪਵੇਗੀ।

ਸ੍ਰੀ ਅੰਮ੍ਰਿਤਸਰ ਤੇ ਤਰਨਤਾਰਨ ਦੇ ਵਿਚਕਾਰ ਜੰਗਲ ਵਿਚ ਦੋ ਕੁ ਸਿੰਘ ਲੁਕ ਛਿਪ ਕੇ ਦਿਨ ਕਟ ਰਹੇ ਸਨ। ਇਨ੍ਹਾਂ ਵਿਚੋਂ ਇਕ ਕੰਗ ਪਿੰਡ ਦਾ ਬੁਲਾਕਾ ਸਿੰਘ ਸੀ। ਮੱਸੇ ਦੀ ਅੱਤ ਦੀ ਖ਼ਬਰ ਸੁਣ ਕੇ ਲਹੂ ਦੇ ਅਥਰੂ ਰੋ ਪਿਆ। ਗੁਰੂ ਘਰ ਦੀ ਬੇਅਦਬੀ ਹੋਵੇ ਤੇ ਸਿੰਘ ਚੁਪ ਚਾਪ ਜੀਉਂਦੇ ਤੁਰੇ ਫਿਰਨ, ਅਨਹੋਣੀ ਗੱਲ ਸੀ। ਮਿਥ ਲਿਆ ਕਿ ਮੱਸੇ ਦੀ ਫ਼ੌਜ ਤੇ ਜਾ ਹੱਲਾ ਕੀਤਾ ਜਾਵੇ, ਮੱਸੇ ਨੂੰ ਮਾਰੀਏ ਜਾਂ ਸ਼ਹੀਦੀ ਪ੍ਰਾਪਤ ਕਰੀਏ। ਫਿਰ ਦਿਲ ਵਿਚ ਵਿਚਾਰ ਕੀਤੀ ਕਿ ਕੀ ਇਸ ਸ਼ਹੀਦੀ ਨਾਲ ਮੱਸਾ ਇਸ ਕੁਕਰਮ ਤੋਂ ਬਾਜ਼ ਆ ਜਾਵੇਗਾ ? ਹਰਗਿਜ਼ ਨਹੀਂ। ਫ਼ੌਜ ਸ਼ਹਿਰ ਦਾ ਉਦਾਲਾ ਮੱਲੀ ਖੜੋਤੀ ਹੈ। ਸਾਨੂੰ ਉਰੇ ਹੀ ਫੜ ਕੇ ਮਾਰ ਦੇਵੇਗੀ, ਮੱਸੇ ਤਕ ਕਿਸ ਨੇ ਪੁਜਣ ਦੇਣਾ ਹੈ ? ਹਰਿਮੰਦਰ ਸਾਹਿਬ ਦੀ ਬੇਅਦਬੀ ਪਹਿਲਾਂ ਵਾਂਗ ਹੀ ਹੁੰਦੀ ਰਹੇਗੀ। ਇਹੋ ਜਿਹੀ ਮੌਤ ਮਰੀਏ ਜਿਸ ਦੇ ਨਾਲ ਹੋ ਰਿਹਾ ਪਾਪ ਵੀ ਖ਼ਤਮ ਹੋ ਜਾਵੇ। ਇਹ ਤਦ ਹੋ ਸਕਦੈ ਜੇ ਮੱਸੇ ਨੂੰ ਮਾਰ ਕੇ ਫ਼ੌਜ ਨੂੰ ਵੀ ਨਸ਼ਟ ਕੀਤਾ ਜਾਵੇ। ਇਹ ਅਸਾਂ ਦੋਹਾਂ ਦੇ ਵੱਸ ਨਹੀਂ। ਇਸ ਲਈ ਜ਼ਰੂਰੀ ਹੈ ਕਿ ਦਲ ਖਾਲਸਾ ਨੂੰ ਖ਼ਬਰ ਕਰਕੇ ਉਨ੍ਹਾਂ ਨੂੰ ਚੜ੍ਹਾ ਕੇ ਲਿਆਈਏ ਤੇ ਹਲਾ ਕਰ ਕੇ ਦੁਸ਼ਟਾਂ ਨੂੰ ਤਹਿ-ਤੇਗ ਕਰੀਏ। ਇਸ ਤਰ੍ਹਾਂ ਆਪਾਂ ਭਾਵੇਂ ਸ਼ਹਿਰੋਂ ਬਾਹਰ ਹੀ ਮਾਰੇ ਜਾਈਏ, ਪਰ ਇਹ ਭਰੋਸਾ ਤਾਂ ਹੋਊ ਕਿ ਹੁਣ ਖਾਲਸਾ ਇਨ੍ਹਾਂ ਪਾਪੀਆਂ ਨੂੰ ਜ਼ਿੰਦਾ ਨਹੀਂ ਛੱਡੇਗਾ। ਇਹੋ ਮੌਤ ਸਾਨੂੰ ਪੁਗਦੀ ਹੈ। ਜੇ ਅਸੀਂ ਉਰੇ ਹੀ ਮਾਰੇ ਗਏ ਤੇ ਦੂਜੇ ਪਾਸੇ ਖਾਲਸੇ ਨੂੰ ਖ਼ਬਰ ਨਾ ਹੋਈ, ਰੰਘੜ ਤਾਂ ਇੰਜ ਹੀ ਮਨ-ਮਾਨੀ ਕਰੀ ਜਾਊ। ਇਹ ਮੌਤ ਅਕਾਰਤ ਜਾਵੇਗੀ। ਇਹ ਰਾਇ ਨੇਕ ਸੀ। ਫ਼ੈਸਲਾ ਕਰ ਲਿਆ ਕਿ ਜਿੰਨੀ ਛੇਤੀ ਹੋ ਸਕੇ, ਦਲ ਖਾਲਸਾ ਨੂੰ ਚੜ੍ਹਾ ਕੇ ਲਿਆਈਏ। ਅਰਦਾਸ ਕਰ ਕੇ ਰਾਤ ਹੀ ਤੁਰ ਪਏ ਤੇ ਰਾਤੋ ਰਾਤ ਸਤਲੁਜ ਟੱਪ ਕੇ ਮਾਲਵੇ ਵਿਚ ਜਾ ਪੁਜੇ। ਮਾਲਵੇ ਵਿਚ ਦੀ ਹੁੰਦੇ ਹੋਏ ਬੀਕਾਨੇਰ ਨੂੰ ਹੋ ਤੁਰੇ।

ਦਿਨ ਰਾਤ ਇਕ ਕਰਕੇ ਤੁਰੇ ਗਏ ਤੇ ਪੁਛਦੇ-ਪੁਛਾਂਦੇ ਹਨੂੰਮਾਨਗੜ੍ਹੋਂ ਅੱਗੇ ਜਾ ਨਿਕਲੇ। ਇਥੋਂ ਇਨ੍ਹਾਂ ਨੂੰ ਸੂਹ ਮਿਲੀ ਕਿ ਬੁਢੇ ਜੌਹੜ ਪਾਸ ਕੁਝ ਸਿੰਘ ਜ਼ਰੂਰ ਰਹਿੰਦੇ ਹਨ। ਬੁਲਾਕਾ ਸਿੰਘ ਹੁਣ ਧਾਈ ਕਰ ਕੇ ਬੁਢੇ ਜੌਹੜ ਵਲ ਨੂੰ ਹੋ ਤੁਰਿਆ। ਇਥੇ ਅੱਗੇ ਬੁਢਾ ਸਿੰਘ ਤੇ ਸ਼ਾਮ ਸਿੰਘ ਦੇ ਜਥੇ ਉਤਰੇ ਹੋਏ ਸਨ। ਕੁਝ ਸਿੰਘ ਰਾਜੇ ਪਾਸ ਨੌਕਰੀ ਕਾਰਨ ਟਿਕੇ ਹੋਏ ਸਨ ਤੇ ਇਹ ਵੀ ਉਨ੍ਹਾਂ ਦੇ ਵਸੀਲੇ ਨਾਲ ਇਥੇ ਆ ਗਏ ਸਨ। ਬੜੀਆਂ ਲੰਮੀਆਂ ਮੰਜ਼ਲਾਂ ਦੇ ਦੁਖੜੇ ਝਾਗਦਾ ਹੋਇਆ ਆਪਣੇ ਸਾਥੀ ਨਾਲ ਇਥੇ ਪੁਜਾ। ਕੁਝ ਸਿੰਘ ਮਿਲੇ ਤੇ ਉਨ੍ਹਾਂ ਬੁਲਾਕਾ ਸਿੰਘ


www.AKJ.org

ਤੋਂ ਪੰਜਾਬ ਦਾ ਹਾਲ ਪੁਛਿਆ ਤਾਂ ਉਹ ਅਗੋਂ ਰੋਣ ਤੋਂ ਬਿਨਾਂ ਕੁਝ ਚਿਰ ਵਾਸਤੇ ਕੁਝ ਨਾ ਦਸ ਸਕਿਆ। ਅੰਤ ਉਸ ਨੇ ਬਿਨੇ ਕੀਤੀ ਕਿ ਮੈਂ ਹਰ ਇਕ ਸਿੰਘ ਨੂੰ ਵਖ ਵਖ ਨਹੀਂ ਦਸ ਸਕਦਾ, ਦੀਵਾਨ ਵਿਚ ਸਾਰਿਆਂ ਨੂੰ ਇਕੇ ਵਾਰ ਸਭ ਕੁਝ ਕਹਿ ਦਿਆਂਗਾ। ਇਸ ਉੱਤਰ ਨਾਲ ਸਿੰਘਾਂ ਵਿਚ ਡੂੰਘੀ ਚਿੰਤਾ ਪੈਦਾ ਹੋ ਗਈ। ਜਥੇਦਾਰ ਨੂੰ ਵੀ ਸੂਚਨਾ ਮਿਲ ਗਈ ਕਿ ਦੋ ਸਿੰਘ ਹੁਣੇ ਹੁਣੇ ਪੰਜਾਬ ਚੋਂ ਆਏ ਹਨ। ਉਨ੍ਹਾਂ ਨੂੰ ਵੀ ਬੜੀ ਖੁਸ਼ੀ ਹੋਈ, ਚਾਅ ਚੜ੍ਹ ਗਿਆ ਕਿ ਪੰਜਾਬ ਦੀ ਸੁਖ ਸਾਂਦ ਦਸਣਗੇ।

ਪਿਛਲੇ ਪਹਿਰ ਦਾ ਦੀਵਾਨ ਸੱਜਿਆ। ਬੁਲਾਕਾ ਸਿੰਘ ਵੀ ਸਾਥੀ ਸਮੇਤ ਦੀਵਾਨ ਵਿਚ ਹਾਜ਼ਰ ਹੋਇਆ। ਜਥੇਦਾਰ ਨੇ ਸਤਿਕਾਰ ਦਿਤਾ। ਪੰਜਾਬ ਦਾ ਹਾਲ ਫੇਰ ਦਸਿਓ, ਪਹਿਲਾਂ ਸ੍ਰੀ ਅੰਮ੍ਰਿਤਸਰ ਸਾਹਿਬ ਤੇ ਦਰਬਾਰ ਸਾਹਿਬ ਦਾ ਹਾਲ ਸੁਣਾਉ। ਸਿੰਘ ਦੇ ਅੱਲੇ ਜ਼ਖਮਾਂ ਵਿਚ ਮਾਨੋ ਨਸ਼ਤਰ ਵਜ ਗਿਆ। ਦੀਵਾਨ ਵਿਚ ਖੜੋਤਾ ਤਾਂ ਸਹੀ, ਪਰ ਕੁਝ ਬੋਲਣ ਦੀ ਥਾਂ ਧਾਈਂ ਨਿਕਲ ਗਈਆਂ। ਪਰ ਫਿਰ ਸੰਭਲ ਕੇ ਬੋਲਿਆ, ਉਥੋਂ ਦਾ ਕੀ ਹਾਲ ਪੁਛਦੇ ਹੋ। ਕੁਝ ਦਸਣ ਪੁਛਣ ਵਾਲੀ ਗੱਲ ਰਹਿ ਹੀ ਨਹੀਂ ਗਈ। ਸਾਰਾ ਸ਼ਹਿਰ ਫੌਜ ਦੇ ਘੇਰੇ ਵਿਚ ਹੈ। ਦਰਬਾਰ ਸਾਹਿਬ ਉਦਾਲੇ ਵੀ ਸਖ਼ਤ ਪਹਿਰਾ ਹੈ। ਹਰਿਮੰਦਰ ਸਾਹਿਬ ਨੂੰ ਮੱਸੇ ਰੰਗੜ ਨੇ ਆਪਣਾ ਸਦਰ ਮੁਕਾਮ ਬਣਾਇਆ ਹੋਇਆ ਹੈ। ਅੰਦਰ ਮਹਾਰਾਜ ਦੇ ਪ੍ਰਕਾਸ਼-ਅਸਥਾਨ ਪਲੰਘ ਡਾਹੀ ਬੈਠਾ ਹੁੱਕਾ ਪੀਂਦਾ ਹੈ, ਸ਼ਰਾਬ ਦੇ ਦੌਰ ਚਲਦੇ ਹਨ। ਰੋਜ਼ ਮਜਲਸਾਂ ਲਗਦੀਆਂ ਹਨ, ਅੰਦਰ ਵੇਸਵਾ ਦਾ ਨਾਚ ਹੁੰਦਾ ਹੈ, ਨਟ, ਨਕਲੀਏ ਤੇ ਕਵਾਲ ਆਪਣੇ ਹੁਨਰ ਵਿਖਾਉਂਦੇ ਹਨ। ਪਾਨ ਚੱਬ ਕੇ ਵਿਚ ਹੀ ਥੁਕਦੇ ਹਨ, ਹਰਿ ਕੀ ਪੌੜੀ ਵਾਲੇ ਅਸਥਾਨ ਤੇ ਜਿਥੇ ਸੰਗਤਾਂ ਚੁਲੇ ਲੈਂਦੀਆਂ ਸਨ, ਅੱਜ ਉਥੇ ਹੁਕੇ ਭਰੀਦੇ ਹਨ। ਸਰੋਵਰ ਨੂੰ ਵੀ ਦੂਹੋ ਦੂਹੀ ਮੁੰਦੀ ਜਾ ਰਹੇ ਹਨ। ਆਪਾਂ ਤਾਂ ਸਿੰਘੋ, ਜੀਉਂਦੇ ਹੀ ਮਾਰ ਗਏ। ਸਿੰਘਾਂ ਦੀਆਂ ਫਿਰ ਧਾਹੀਂ ਨਿਕਲ ਗਈਆਂ। ਇਹ ਸਭ ਕੁਝ ਸੁਣ ਕੇ ਸਿੰਘਾਂ ਦਾ ਖ਼ੂਨ ਖੌਲਣ ਲੱਗ ਪਿਆ ਤੇ ਹੱਥ ਤੇਗਾਂ ਦੀਆਂ ਮੁਠਾਂ ਤੇ ਚਲੇ ਗਏ। ਮਤਾਬ ਸਿੰਘ ਭੰਗੂ ਵੀ ਹਾਜ਼ਰ ਸੀ। ਉਹ ਬੋਲਿਆ, "ਤੂੰ ਉਸ ਦਾ ਸਿਰ ਨਾ ਲਾਹਿਆ, ਉਸਨੂੰ ਜੀਉਂਦਾ ਕਿਵੇਂ ਛਡ ਦਿਤਾ? ਦਰਬਾਰ ਸਾਹਿਬ ਦੀ ਐਡੀ ਘੋਰ ਬੇਅਦਬੀ ਹੁੰਦੀ ਵੇਖ ਕੇ, ਸਿੰਘ ਹੋ ਕੇ ਜੀਊਂਦਾ ਇਥੇ ਕਿਵੇਂ ਚਲਿਆ ਆਇਆ?" ਉਸ ਨੇ ਆਖਿਆ ਕਿ ਜਿਸ ਤਰ੍ਹਾਂ ਤੁਸੀਂ ਚਲੇ ਆਏ, ਉਸੇ ਤਰ੍ਹਾਂ ਮੈਂ ਤੇ ਹੋਰ ਸਿੰਘ ਵੀ ਕਾਇਰਾਂ ਵਾਂਗ ਨਠ ਆਏ। ਤੁਸੀਂ ਏਡੀ ਗ਼ੈਰਤ ਅਣਖ ਵਾਲੇ ਇਥੇ ਬੈਠੇ ਕੀ ਬਣਾਤੇਂਦੇ ਹੋ? ਇਨ੍ਹਾਂ ਬੋਲਾਂ ਨਾਲ ਇਕ ਵਾਰ ਸੱਨਾਟਾ ਛਾ ਗਿਆ। ਪਲ ਭਰ ਪਿਛੋਂ ਸਰਦਾਰ ਬੁਢਾ ਸਿੰਘ ਨੇ ਤਲਵਾਰ ਸਭਾ ਵਿਚ ਰਖ ਕੇ ਆਖਿਆ, "ਕੋਈ ਸਿੰਘ ਹੈ ਜੋ ਮੱਸੇ ਦਾ ਸਿਰ ਲਿਆਵੇ?" ਇਹ ਵੰਗਾਰ ਸੁਣ ਕੇ ਸੁਖਾ ਸਿੰਘ ਮਾੜੀ ਕੰਬੋ ਕੀ ਵਾਲਾ ਤੇ ਮਤਾਬ ਸਿੰਘ ਭੰਗੂ ਮੀਰਾਂ ਕੋਟੀਆ ਦੋਵੇਂ ਉਠ ਖੜੋਤੇ।

ਤਲਵਾਰ ਉਠਾ ਕੇ ਫਤਹ ਬੁਲਾਈ ਤੇ ਕਿਹਾ, "ਖਾਲਸਾ, ਜੋ ਗੁਰੂ ਦਾ ਰੂਪ ਹੈ, ਦੇ ਹਜ਼ੂਰ ਅਸੀਂ ਪ੍ਰਣ ਕਰਦੇ ਹਾਂ ਕਿ ਦਸਾਂ ਦਿਨਾਂ ਦੇ ਅੰਦਰ ਅੰਦਰ ਰੰਘੜ ਦਾ ਸਿਰ ਜੇ ਨਾ ਲਿਆ ਸਕੇ ਤਾਂ ਉਥੇ ਸ਼ਹੀਦੀਆਂ ਪਾ ਗਏ ਸਮਝਿਓ। ਖਾਲੀ ਹੱਥ ਜੀਉਂਦੇ ਵਾਪਸ ਨਹੀਂ ਆਵਾਂਗੇ।" ਪੰਥ ਨੇ ਅਰਦਾਸ ਕੀਤੀ। ਦੋਵੇਂ ਸਿੰਘ ਫ਼ਤਹ ਬੁਲਾ ਕੇ ਘੋੜਿਆਂ ਦੀਆਂ ਪਿਠਾਂ ਤੇ ਬਹਿ ਕੇ ਸ੍ਰੀ ਅੰਮ੍ਰਿਤਸਰ ਵਲ ਨੂੰ ਚਾਲੇ ਪਾ ਗਏ। ਇਥੋਂ ਇਹ ਸਿਧੇ ਤਲਵੰਡੀ ਸਾਬੋ ਨੂੰ ਆਏ। ਇਥੇ ਰਾਤ ਕੱਟ ਕੇ ਅਗਲੇ ਦਿਨ ਮੋਗੇ ਵਲ ਧਾਈ ਕੀਤੀ ਤੇ ਤੀਜੀ ਰਾਤ ਇਸ ਜੂਹ ਵਿਚ ਕਟ ਕੇ, ਚੌਥੇ ਦਿਨ ਸਤਲੁਜ ਦਰਿਆ ਹਰੀਕੇ ਪੱਤਣ ਤੋਂ ਥੋੜ੍ਹਾ ਜਿਹਾ ਹੇਠੋਂ ਪਾਰ ਕਰਕੇ, ਮਾਝੇ ਦੀ ਧਰਤੀ ਵਿਚ ਪਹੁੰਚ ਗਏ। ਇਥੇ ਮੁਸਲਮਾਨ ਚੌਧਰੀਆਂ ਵਾਲਾ ਲਿਬਾਸ ਜਾਣੂ ਸਜਣਾਂ ਰਾਹੀਂ ਪੈਦਾ ਕਰ ਲਿਆ ਤੇ ਗਲ ਪਾ ਕੇ ਭੇਸ ਉਹੋ ਜਿਹਾ ਬਣਾ ਲਿਆ। ਪੱਟੀ ਦੇ ਚੜ੍ਹਦੇ ਪਾਸੇ ਦੀ ਲੰਘਦੇ ਹੋਏ ਤਰਨ ਤਾਰਨ ਦਾ ਰੁਖ਼ ਕੀਤਾ। ਇਸ ਜੂਹ ਵਿਚ ਦੀ ਲੰਘਦਿਆਂ ਇਕ ਥੇਹ ਤੋਂ ਠੀਕਰੀਆਂ ਇਕੱਠੀਆਂ ਕਰ ਕੇ, ਗੋਲ ਕਰਕੇ, ਦੋ ਥੈਲੀਆਂ ਭਰ ਲਈਆਂ, ਜੋ ਇੰਜ ਜਾਪਦੀਆਂ ਸਨ ਕਿ ਚਾਂਦੀ ਦੇ ਵਕਤੀ ਚਾਲੂ ਰੁਪਈਆਂ ਨਾਲ ਭਰੀਆਂ ਹੋਈਆਂ ਹਨ। ਮਾਝੇ ਦੇ ਇਲਾਕੇ ਵਿਚਦੀ ਲੰਘਦਿਆਂ ਕਿਸੇ ਨਹੀਂ ਪਛਾਣਿਆ। ਤਰਨ ਤਾਰਨ ਪੁਜੇ ਤਾਂ ਇਥੋਂ ਦੀ ਹਾਲਤ ਸੁਣ ਵੇਖ ਕੇ ਕੌੜਾ ਘੁਟ ਕਰ ਕੇ ਪੀ ਗਏ, ਰੁਕੇ ਨਹੀਂ।



www.AKJ.Org

ਸੰਗ੍ਰਾਣਾ ਸਾਹਿਬ ਤੋਂ ਅੱਗੇ ਲੰਘ ਕੇ ਗਿਲਵਾਲੀ ਪਿੰਡ ਦੀ ਜੂਹ ਵਿਚ ਪੜਾ ਕੀਤਾ। ਤੁਰਿਆਂ ਨੂੰ ਅੱਜ ਚੌਥਾ ਦਿਨ ਸੀ। ਪਹਿਰ ਕੁ ਦਿਨ ਰਹਿੰਦਾ ਸੀ। ਏਥੇ ਦੋਹਾਂ ਸਿੰਘਾਂ ਆਪਣੇ ਘੋੜਿਆਂ ਦੀ ਖ਼ੂਬ ਮਾਲਸ਼ ਕੀਤੀ, ਦਾਣੇ ਪਠੇ ਨਾਲ ਚੰਗੀ ਸੇਵਾ ਕੀਤੀ ਤੇ ਪੈਂਡੇ ਦਾ ਥਕੇਵਾਂ ਅਕੜੇਵਾਂ ਦੂਰ ਕੀਤਾ। ਆਪ ਵੀ ਤਾਜ਼ਾ-ਦਮ ਹੋਏ। ਹੁਣ ਇਹ ਦੋਵੇਂ ਸੂਰਬੀਰ ਦਰਬਾਰ ਸਾਹਿਬ ਤੋਂ ੪ ਕੁ ਕਿ: ਮੀ: ਦਖਣ ਵਿਚ ਸਨ। ਬੁਢੇ ਜੋਹੜ ਤੋਂ ਲੈ ਕੇ ਇਥੋਂ ਤਕ, ਭਾਵ, ਸ੍ਰੀ ਅੰਮ੍ਰਿਤਸਰ ਤਕ ਦਾ ਸੈਂਕੜੇ ਕੋਹਾਂ ਦਾ ਫਾਸਲਾ ਚੌਂਹ ਦਿਨਾਂ ਵਿਚ ਪੂਰਾ ਕਰ ਜਾਣਾ ਕੋਈ ਮਾਮੂਲੀ ਗੱਲ ਨਹੀਂ ਸੀ। ਅੱਜ ਦੇ ਜੁਗ ਵਿਚ ਪੱਕੀ ਸੜਕ ਉਤੇ ਚਲਦੀ ਹੋਈ ਬੱਸ ਸ੍ਰੀ ਅੰਮ੍ਰਿਤਸਰੋਂ ਚਲ ਕੇ ਸ਼ਾਮ ਨੂੰ ਬੁਢੇ ਜੋਹੜ ਅੱਪੜਦੀ ਹੈ। ਸਫ਼ਰ ਕਰਨ ਵਾਲੇ ਭਲੀ ਭਾਂਤੀ ਦਸ ਸਕਦੇ ਹਨ ਕਿ ਉਹ ਬੱਸ ਵਿਚ ਨਰਮ ਸੀਟ ਤੇ ਬੈਠੇ ਬੈਠੇ ਤੇ ਰਾਹ ਵਿਚ ਛਕਦੇ-ਛਕਾਉਂਦੇ ਜਾਂਦੇ ਹੋਏ ਕਿੰਨੇ ਅੱਕ ਥੱਕ ਜਾਂਦੇ ਹਨ। ਇਹ ਘੋੜਿਆਂ ਦੀਆਂ ਪਿਠਾਂ ਤੇ ਬਿਖੜੇ ਰਾਹੀਂ ਚਲਦੇ ਹੋਏ, ਇਥੇ ਕਿਸ ਤਰ੍ਹਾਂ ਤੇ ਕਿਸ ਹਾਲਤ ਵਿਚ ਅੱਪੜੇ ਹੋਣਗੇ, ਸਿਰਫ ਅਨੁਮਾਨ ਹੀ ਕੀਤਾ ਜਾ ਸਕਦੈ!

ਪੰਜਵੇਂ ਦਿਨ ਤੜਕਸਾਰ ਉਠ ਕੇ, ਇਸ਼ਨਾਨ ਨਿਤਨੇਮ ਪਿਛੋਂ ਅਕਾਲ ਪੁਰਖ ਦੇ ਹਜ਼ੂਰ ਆਪਣੇ ਮੰਤਵ ਦੀ ਸਫਲਤਾ ਲਈ ਅਰਦਾਸ ਕੀਤੀ। ਘੋੜਿਆਂ ਦੀ ਖ਼ੂਬ ਮਾਲਸ਼ ਕੀਤੀ ਗਈ ਤੇ ਦਾਣੇ ਨਾਲ ਰਜਾ ਕੇ ਤਾਜ਼ਾ ਦਮ ਕੀਤਾ। ਆਪ ਵੀ ਜੋ ਪ੍ਰਾਪਤ ਹੋਇਆ, ਛਕਿਆ। ਪਹਿਰ ਕੁ ਦਿਨ ਚੜ੍ਹੇ ਤਕ ਹੋਰ ਆਰਾਮ ਕੀਤਾ। ਇਹ ਇਸ ਲਈ ਕਿ ਅੱਜ ਮੰਜ਼ਲ ਕਰੜੀ ਪੈਣੀ ਸੀ। ਇਸ ਲਈ ਥਕੇਵਾਂ ਭੰਨਿਆ ਜਾ ਰਿਹਾ ਸੀ। ਇਥੋਂ ਚਲ ਕੇ ਇਹ ਝਾੜ ਬੂਟ ਨਾਲ ਘਿਰੇ ਹੋਏ ਉਸ ਥਾਂ ਅੱਪੜ ਗਏ ਜਿਥੇ ਅੱਜ ਗੁਰਦਵਾਰਾ ਸ਼ਹੀਦਾਂ (ਬਾਬਾ ਦੀਪ ਸਿੰਘ ਜੀ ਦਾ) ਸੁਸ਼ੋਭਤ ਹੈ। ਉਨ੍ਹੀਂ ਦਿਨੀਂ ਇਥੇ ਰਾਮਗੜ੍ਹੀਆ ਮਿਸਲ ਦੀਆਂ ਮੜ੍ਹੀਆਂ ਸਨ। ਇਥੇ ਕੁਝ ਦੇਰ ਰੁਕੇ। ਇਥੋਂ ਦੀ ਲੰਘਦਿਆਂ ਸ਼ਹਿਰ ਦੇ ਵਿਰਲੇ ਟਾਵੇਂ ਲੰਘਦੇ ਲੋਕਾਂ ਤੋਂ ਗੱਲਾਂ ਗੱਲਾਂ ਵਿਚ ਇਹ ਪਤਾ ਲੱਗਾ ਕਿ ਜ਼ੁਹਰ ਦੀ ਨਮਾਜ਼ ਪਿਛੋਂ (ਜ਼ੁਹਰ ਦੀ ਨਮਾਜ਼ ੧੦-੧੧ ਵਜੇ ਦੇ ਵਿਚਕਾਰ ਪੜ੍ਹੀ ਜਾਂਦੀ ਹੈ) ਭਾਵ ਕੱਚੀ ਦੁਪਹਿਰ ਤੋਂ ਜ਼ਰਾ ਕੁ ਪਹਿਲੋਂ ਦਰਬਾਰ ਸਾਹਿਬ ਵਿਚ ਨਾਚ ਮੁਜਰੇ ਦੀ ਮਹਿਫਲ ਜੰਮਦੀ ਹੈ।

ਸੂਰਜ ਦੀ ਚੜ੍ਹਤ ਤੋਂ ਹਿਸਾਬ ਲਾ ਕੇ ਕਿ ਮੱਸੇ ਦੀ ਮਹਿਫਲ ਦਾ ਸਮਾਂ ਹੋ ਗਿਆ ਹੈ, ਘੋੜਿਆਂ ਨੂੰ ਪਾਣੀ ਪਿਆ ਕੇ ਮੁੜ ਸਵਾਰ ਹੋ ਗਏ ਤੇ ਸਿਧੇ ਬਾਬਾ ਅਟੱਲ ਸਾਹਿਬ ਵਲ ਨੂੰ ਆਏ। ਐਸਾ ਸਬੱਬ ਬਣਿਆ ਕਿ ਲਹਿੰਦੇ ਵਲੋਂ ਗਰਦੋ-ਗੁਬਾਰ ਉਠਿਆ, ਜੋ ਹਨੇਰੀ ਦਾ ਰੂਪ ਧਾਰ ਗਿਆ। ਇਕ ਬਹਾਨਾ ਮਿਲ ਗਿਆ ਸੀ। ਸੋ ਦੋਹਾਂ ਸਿੰਘਾਂ ਨੇ ਆਪਣੇ ਮੂੰਹ ਸਿਰ ਇੰਜ ਢਕ ਲਏ ਕਿ ਵੇਖਣ ਵਾਲਾ ਸਮਝੇ ਕਿ ਘਟੇ ਤੋਂ ਬਚਣ ਲਈ ਇੰਜ ਬਧੇ ਹਨ। ਕਿਸੇ ਦੇ ਪਛਾਣ ਲੈਣ ਦੀ ਗੁੰਜਾਇਸ਼ ਬਿਲਕੁਲ ਨਾ ਰਹੀ। ਕਿਉਂਕਿ ਸੁਖਾ ਸਿੰਘ ਪੰਥ ਦੀ ਬੜੀ ਵੱਡੀ ਸਿਰਕਢ ਹਸਤੀ ਸੀ। ਪ੍ਰਸਿਧ ਜੰਗੀ ਸੂਰਮਾ ਸੀ। ਮੁਗਲਾਂ ਦੀਆਂ ਗਸ਼ਤੀ ਫੌਜਾਂ ਨਾਲ ਬਹੁਤ ਲੜਾਈਆਂ ਵਿਚ ਸਨਮੁਖ ਹੋ ਕੇ ਲੜ ਚੁਕਾ ਸੀ। ਕਾਜ਼ੀ ਅਬਦੁੱਰਜ਼ਾਕ ਖ਼ਾਨ ਦੇ ਪਹਿਰੇ ਵੇਲੇ ਵੀ ਵੰਗਾਰ ਕੇ ਇਸ਼ਨਾਨ ਕਰ ਗਿਆ ਸੀ। ਕਾਜ਼ੀ ਨੂੰ ਜੋ ਕੀਤੀ ਦਾ ਫਲ ਭੁਗਤਾਉਣ ਵਾਲੇ ਸਨ, ਉਨ੍ਹਾਂ ਵਿਚ ਵੀ ਇਹ ਦੋਵੇਂ ਸਨ। ਮਤਾਬ ਸਿੰਘ ਵੀ ਕੋਈ ਘਟ ਨਹੀਂ ਸੀ। ਦੋਵੇਂ ਨਾਂ ਮੁਗਲਾਂ ਲਈ ਹਊਆ ਸਨ। ਨੰਗੇ ਮੂੰਹ ਪਛਾਣੇ ਜਾਣ ਦੀ ਡਾਢੀ ਸੰਭਾਵਨਾ ਹੋ ਸਕਦੀ ਸੀ। ਸੋ ਬਧੇ ਠਾਠਿਆਂ ਨੇ ਬੜਾ ਕੰਮ ਦਿਤਾ।

ਘੋੜਿਆਂ ਦੇ ਅਗਲੇ ਪਾਸੇ ਰਖੀਆਂ ਥੈਲੀਆਂ, ਮੁਸਲਮਾਨਾਂ ਵਾਲਾ ਭੇਸ, ਬਧੇ ਹੋਏ ਠਾਠਿਆਂ ਨਾਲ ਢਕਿਆ ਮੂੰਹ ਸਿਰ। ਜ਼ਾਹਰਾ ਤੌਰ ਤੇ ਪਾਸ ਕੋਈ ਹਥਿਆਰ ਵੀ ਨਾ ਦਿਸਣ ਵਾਲਾ (ਦੋਹਾਂ ਸਿੰਘਾਂ ਨੇ ਤੇਗਾਂ ਚੋਗਿਆਂ ਦੇ ਹੇਠ ਦੀ ਕੀਤੀਆਂ ਹੋਈਆਂ ਸਨ), ਕਿਸੇ ਨੂੰ ਇਨ੍ਹਾਂ ਬਾਰੇ ਰਤਾ ਵੀ ਸ਼ੱਕ ਨਾ ਪਿਆ। ਸ਼ਹਿਰੋਂ ਬਾਹਰ ਪਹਿਰੇ ਵਾਲੀ ਫੌਜ ਨੇ ਨਜ਼ਰੋ ਨਾਲ ਹੀ ਤਾੜ ਕੇ ਕਿ ਮੁਸਲਮਾਨ ਹਨ, ਰੋਕਿਆ ਨਹੀਂ।

ਮੰਜੀ ਸਾਹਿਬ ਵਾਲੇ ਰਸਤਿਓਂ ਇਹ ਘੋੜਿਆਂ ਤੇ ਚੜ੍ਹੇ ਚੜ੍ਹਾਏ ਹੀ ਪ੍ਰਕਰਮਾ ਵਿਚ ਜਾ ਦਾਖ਼ਲ ਹੋਏ। ਦਿਲ ਹੀ ਦਿਲ ਵਿਚ ਗੁਰੂ ਰਾਮਦਾਸ ਜੀ ਤੋਂ ਇਸ ਸਵਾਰੀ ਦੀ ਹਾਲਤ ਵਿਚ ਆਉਣ ਦੀ ਮੁਆਫ਼ੀ ਮੰਗੀ ਤੇ ਸਿਰ



www.AKJ.Org

ਨਿਵਾ ਕੇ ਨਮਸਕਾਰ ਕੀਤੀ ਤੇ ਅੰਗ ਸੰਗ ਰਹਿਣ ਲਈ ਜੋਦੜੀ ਕੀਤੀ।

ਬੇਗਾਰ ਵਿਚ ਫੜੇ ਹਿੰਦੂ ਤੇ ਖ਼ੁਸ਼ੀ ਨਾਲ ਲੱਗੇ ਮੁਸਲਮਾਨ ਲੋਕ ਸਰੋਵਰ ਪੂਰਨ ਦੀ ਕ਼ਾਰਵਾਈ ਵਿਚ ਮਗਨ ਸਨ । ਹਲਾਲ ਕੀਤੀਆਂ ਹੋਈਆਂ ਗਊਆਂ ਦੇ ਸਿਰ ਤੇ ਖੁਲਾਂ, ਰਿਝ ਰਹੀਆਂ ਦੇਗਾਂ, ਮਚਦਾ ਹੁੱਲੜ, ਕਿਤੇ ਕਿਤੇ ਤਕਬੀਰ ਦੇ ਗੂੰਜਦੇ ਨਾਅਰੇ, ਜੁਤੀਆਂ ਸਮੇਤ ਫਿਰਦੇ ਲੋਕ, ਪ੍ਰਕਰਮਾ ਦਾ ਢਠਾ ਹੋਇਆ ਚਾਰ-ਚੁਫੇਰਾ, ਝੂਲਦੇ ਹੈਦਰੀ ਝੰਡੇ, ਸਰੋਵਰ ਮੁੰਦਣ ਵਾਲਿਆਂ ਨੂੰ ਚੁਸਤ ਕਰਨ ਲਈ ਸਿਪਾਹੀਆਂ ਦੇ ਲਲਕਾਰੇ, ਤੇ ਉਡਦੀ ਧੂੜ, ਜਿਸ ਨੂੰ ਹਨੇਰੀ ਨੇ ਹੋਰ ਵੀ ਵਧਾ ਦਿਤਾ ਸੀ, ਆਦਿ ਮੰਦ ਦ੍ਰਿਸ਼ਾਂ ਨੇ ਸਿੰਘਾਂ ਦੀਆਂ ਅਖਾਂ ਵਿਚ ਲਹੂ ਲੈ ਆਂਦਾ। ਪਰ ਉਨ੍ਹਾਂ ਕੋਈ ਐਸੀ ਹਰਕਤ ਨਹੀਂ ਕੀਤੀ ਜਿਸ ਤੋਂ ਉਨ੍ਹਾਂ ਦੇ ਸਿਖ ਹੋਣ ਦਾ ਸ਼ੱਕ ਪਵੇ। ਉਹ ਘੋੜਿਆਂ ਉਤੇ ਚੜ੍ਹੇ ਚੜ੍ਹਾਏ ਹੀ ਬੇਰੋਕ ਟੋਕ ਚਲੇ ਆਏ ਤੇ ਲਾਚੀ ਬੇਰੀ ਪਾਸ ਆ ਕੇ ਘੋੜਿਆਂ ਤੋਂ ਥਲੇ ਉਤਰ, ਘੋੜਿਆਂ ਨੂੰ ਥਾਪੀਆਂ ਦਿਤੀਆਂ ਤੇ ਲਾਚੀ ਬੇਰੀ ਨਾਲ ਲਗਾਮਾਂ ਅੜਾ ਕੇ ਬੰਨ੍ਹ ਦਿਤੇ। ਦੋਵੇਂ ਬੋਰੀਆਂ ਮੋਢਿਆਂ ਉਤੇ ਚੁਕ ਕੇ ਦਰਸ਼ਨੀ ਡਿਉਢੀ ਵਲ ਨੂੰ ਵਧੇ। ਗੁਰੂ ਦਰ ਵਲ ਹੱਥ ਕਰ ਕੇ ਮਥੇ ਨੂੰ ਕੀਤਾ। ਪਹਿਰੇਦਾਰ ਗਲਤੀ ਨਾਲ ਸਮਝ ਬੈਠਾ ਕਿ ਉਸ ਨੂੰ ਆਦਾਬ ਕਹਿ ਰਹੇ ਹਨ। ਪੁਛਿਆ, "ਕੌਣ ਹੋ ?" "ਲੰਬਰਦਾਰ ਹਾਂ ਪੱਟੀ ਦੇ ਇਲਾਕੇ ਦੇ। ਇਹ ਸਰਕਾਰੀ ਮਾਮਲਾ ਹੈ, ਚੌਧਰੀ ਸਾਹਿਬ ਨੂੰ ਤਾਰਨ ਆਏ ਹਾਂ ਕਿ ਲਾਹੌਰ ਪੁਜਦਾ ਕਰ ਦੇਣ। ਅਸੀਂ ਵੀ ਤੁਹਾਡੇ ਵਾਂਗ ਹੀ ਆਪਣਾ ਫਰਜ਼ ਨਿਭਾਉਣ ਆਏ ਹਾਂ।"

"ਠੀਕ ਹੈ, ਲੰਘ ਜਾਵੋ। ਪੰਜੋਤਰੇ ਚੋਂ ਸਾਡਾ ਵੀ ਖਿਆਲ ਰਖਿਉ।"

"ਸਾਡੇ ਮੁੜਨ ਤਕ ਜੇ ਇਥੇ ਰਹੇ। ਜ਼ਰੂਰ ਦੇ ਕੇ ਜਾਵਾਂਗੇ।"

ਸਿੰਘ ਦਰਸ਼ਨੀ ਡਿਉਢੀ ਵਿਚ ਦੀ ਲੰਘ ਕੇ ਹਰਿਮੰਦਰ ਸਾਹਿਬ ਵਲ ਨੂੰ ਵਧੇ। ਵਡਿਆਂ ਵਡਿਆਂ ਚੋਗਿਆਂ ਦੇ ਹੇਠ ਦੀ ਕੀਤੀਆਂ ਸ੍ਰੀ ਸਾਹਿਬਾਂ ਨੂੰ ਸੀਨੇ ਨਾਲ ਲਾ ਕੇ ਕਿਹਾ, "ਜੈ ਤੇਗੰ, ਜੈ ਸ੍ਰੀ ਤੇਗੰ।" ਗੁਰੂ ਰਾਮਦਾਸ ਤੇਰਾ ਕੋਟ ਕੋਟ ਧੰਨਵਾਦ ਹੈ। ਪਤਾ ਨਹੀਂ ਕਿਸ ਵੇਲੇ ਇਹ ਫਾਸਲਾ ਤਹਿ ਕਰ ਕੇ ਹਰਿਮੰਦਰ ਸਾਹਿਬ ਦੇ ਪਵਿੱਤਰ ਦਰਵਾਜ਼ੇ ਮੂਹਰੇ ਆਣ ਖੜੋਤੇ। ਗੁਰ ਗੱਦੀ ਵਾਲੇ ਅਸਥਾਨ ਨੂੰ ਖੜੋਤਿਆਂ ਹੀ ਮਥੇ ਨੂੰ ਹੱਥ ਲਾ ਕੇ ਸਿਰ ਨਿਵਾਇਆ। ਪਲੰਘ ਤੇ ਬੈਠੇ ਸ਼ਰਾਬ ਨਾਲ ਗੁਟ ਮੱਸੇ ਰੰਘੜ ਨੇ ਸਮਝਿਆ ਕਿ ਆਉਣ ਵਾਲੇ ਅਦਬ ਨਾਲ ਉਸ ਨੂੰ ਸਲਾਮ ਕਰ ਰਹੇ ਹਨ। ਹਾਕਮਾਨਾ ਅੰਦਾਜ਼ ਵਿਚ ਇਸ਼ਾਰਾ ਕੀਤਾ ਕਿ ਆਗਿਆ ਹੈ, ਚਲੇ ਆਉ। ਸਿੰਘਾਂ ਅੱਗੇ ਵਧ ਕੇ ਬੋਰੀਆਂ ਪਲੰਘ ਦੇ ਹੇਠ ਰਖ ਦਿਤੀਆਂ। ਵੇਸਵਾ ਦਾ ਮੁਜਰਾ ਚਾਲੂ ਸੀ। ਵਾਜੇ ਸਾਰੰਗੀਆਂ ਜੋੜੀਆਂ ਦਾ ਤਾਲ, ਤਮਾਕੂ ਸ਼ਰਾਬ ਦੀ ਰਲਵੀਂ ਬਦਬੂ, ਥਾਂ ਥਾਂ ਡਿਗੀ ਪਾਨ ਦੀ ਪੀਕ, ਗੁੜਗੁੜਾਉਂਦੇ ਹੁੱਕੇ, ਪਲੰਘ ਤੇ ਨੰਗੇ ਸਿਰ ਬੈਠਾ ਮੱਸਾ ਰੰਘੜ, ਕਟੀਆਂ ਲਬਾਂ ਤੇ ਵੰਨ ਸੁਵੰਨੀਆਂ ਸਰਅਈ ਦਾੜ੍ਹੀਆਂ ਵਾਲੇ ਉਸ ਦੇ ਯਾਰ-ਬਾਸ਼ ਦਰਸ਼ਕ। ਬਾਹਰ ਨਾਲੋਂ ਅੰਦਰ ਵਾਲਾ ਭਿਆਨਕ ਮਨਜ਼ਰ ਤੱਕ ਕੇ ਸਿੰਘਾਂ ਲਈ ਪਲ ਕਟਣਾ ਵੀ ਔਖਾ ਹੋ ਗਿਆ। ਧੌਣਾਂ ਦੇ ਵਾਲ ਸੂਲਾਂ ਵਾਂਗ ਖੜੇ ਗਏ। ਪਰ ਭਾਣਾ ਮੰਨ ਕੇ ਪਲ ਭਰ ਲਈ ਸਬਰ ਕਰ ਕੇ ਖੜੋਤੇ ਰਹੇ। ਕੰਜਰਾਂ ਨੇ ਤੋੜਾ ਝਾੜਿਆ ਤੇ ਮੱਸੇ ਨੇ ਪੁਛਿਆ, "ਕੀ ਲਿਆਏ ਹੋ ?" "ਸਰਕਾਰੀ ਮਾਮਲਾ ਹੈ। ਪੱਟੀ ਦੇ ਪਰਗਣੇ ਚੋਂ ਆਏ ਹਾਂ। ਕਬੂਲ ਫਰਮਾਉ।" ਪਲ ਭਰ ਰੁਕਣ ਪਿਛੋਂ ਨਾਚ ਫਿਰ ਸ਼ੁਰੂ ਹੋ ਗਿਆ। ਸਥਿਤੀ ਉਸ ਵੇਲੇ ਇਸ ਪ੍ਰਕਾਰ ਸੀ ਕਿ ਮਹਾਰਾਜ ਦੇ ਪ੍ਰਕਾਸ਼-ਅਸਥਾਨ ਉਤੇ ਪਲੰਘ ਡਠਾ ਸੀ, ਜਿਸ ਦਾ ਸਰਹਾਣਾ ਦਖਣ ਨੂੰ ਤੇ ਪੈਂਦ ਪਹਾੜ ਵਲ ਸੀ। ਸਰਹਾਣੇ ਵਾਲੇ ਪਾਸੇ ਹੀ ਉਸ ਦਾ ਹੁੱਕਾ ਰਖਿਆ ਸੀ। ਪਲੰਘ ਉਤੇ ਗਾਉ ਤਕੀਆ ਲਗਾ ਹੋਇਆ ਸੀ। ਇਸ ਪਾਸੇ ਹੀ ਇਕ ਛੋਟੀ ਜਿਹੀ ਤਪਾਈ ਉਤੇ ਸ਼ਰਾਬ ਵਾਲੀ ਸੁਰਾਹੀ, ਜਾਮ, ਜੋ ਅਜੇ ਪੂਰਾ ਖ਼ਾਲੀ ਨਹੀਂ ਸੀ ਹੋਇਆ, ਇਕ ਕਿਸ਼ਤੀ ਵਿਚ ਪਾਨਾਂ ਦੇ ਬੀੜੇ। ਤੇ ਇਕ ਤਸ਼ਤਰੀ ਵਿਚ ਕਬਾਬ ਰਖੇ ਹੋਏ ਸਨ। ਜਿਸ ਪਾਸੇ ਵਲ ਕੀਰਤਨੀਏ ਬੈਠਦੇ ਹਨ, ਇਥੇ ਕੰਜਰਾਂ ਦੀ ਢਾਣੀ ਸਾਜ਼ ਲੈ ਕੇ ਬੈਠੀ ਹੋਈ ਆਪਣੇ ਕੰਮ ਵਿਚ ਮਗਨ ਸੀ। ਦਖਣ ਵਾਲੇ ਪਾਸੇ, ਸਾਜ਼ਾਂ ਵਾਲਿਆਂ ਦੇ ਸਾਮ੍ਹਣੇ ਦਰਸ਼ਕ ਯਾਰ ਬੇਲੀ ਬੈਠੇ ਸਨ। ਪਲੰਘ ਨੂੰ ਸਾਮ੍ਹਣੇ, ਭਾਵ, ਚੜ੍ਹਾਵੇ ਵਾਲੀ ਥਾਂ ਵਿਛੇ ਹੋਏ ਗਲੀਚੇ ਉਤੇ ਵੇਸਵਾ ਹਾਰ ਸ਼ਿੰਗਾਰ ਲਾਈ ਤੇ ਪੈਰਾਂ ਵਿਚ ਝਾਂਜਰਾਂ ਪਾਈ ਮੱਸੇ ਵਲ ਮੂੰਹ



www.AKJ.Org

ਕਰ ਕੇ ਸਾਰੰਗ ਰਾਗ ਦੀ ਤਾਲ ਵਿਚ ਕੁਝ ਗਾ ਰਹੀ ਸੀ ਤੇ ਇਕ ਸੇਵਾਦਾਰ ਮੱਸੇ ਦੀ ਅਰਦਲ ਵਿਚ ਪਾਨ, ਬੀੜੇ, ਚਿਲਮ ਭਰਨ ਤੇ ਦਾਰੂ ਪਾਣੀ ਦੀ ਸੇਵਾ ਲਈ ਸਰਹਾਣੇ ਵਲ ਖੜਾ ਉਸ ਨੂੰ ਪੱਖਾ ਝਲ ਰਿਹਾ ਸੀ। ਵੇਸਵਾ ਤੋਂ ਬਿਨਾ ਤੇ ਮਸੇ ਸਮੇਤ ਅੰਦਰ ਉਸ ਵੇਲੇ ੮੦ ਕੁ ਦੇ ਲਗ ਪਗ ਹਾਜ਼ਰੀ ਦਸੀ ਗਈ ਹੈ।[2] ਐਨ ਦਰਬਾਰ ਸਾਹਿਬ ਦੇ ਅੰਦਰ ਜਾਂ ਬਿਲਕੁਲ ਇਸ ਦੇ ਦਰਵਾਜ਼ਿਆਂ ਪਾਸ ਕੋਈ ਪਹਿਰਾ ਨਹੀਂ ਸੀ। ਲੋੜ ਵੀ ਕੋਈ ਨਹੀਂ ਸੀ। ਸਾਰੇ ਸ਼ਹਿਰ ਉਦਾਲੇ ਫ਼ੌਜ ਦਾ ਪਹਿਰਾ ਸੀ। ਪਰਕਰਮਾ ਦੇ ਬਾਹਰ ਤੇ ਦਰਸ਼ਨੀ ਡਿਉਢੀ ਅੱਗੇ ਸਖਤ ਪਹਿਰਾ ਸੀ। ਅਕਾਲ ਤਖ਼ਤ ਵਿਚ ਫ਼ੌਜ ਦਾ ਡੇਰਾ ਸੀ। ਹਰਿਮੰਦਰ ਸਾਹਿਬ ਦੀ ਇਮਾਰਤ ਪਹਿਰੇ ਤੋਂ ਬਿਨਾ ਹੀ ਸੀ।

ਵਾਰੋ ਵਾਰੀ ਦੋਵੇਂ ਥੈਲੀਆਂ ਰਖ ਕੇ ਮਤਾਬ ਸਿੰਘ ਪਲੰਘ ਦੀ ਪੈਂਦ ਵਲ ਹੋ ਕੇ ਲਾਗੇ ਹੀ ਖੜੋ ਗਿਆ ਤੇ ਸੁਖਾ ਸਿੰਘ ਕੰਜਰਾਂ ਦੇ ਅਗੋਂ ਦੀ ਹੋ ਕੇ ਸਾਮ੍ਹਣੇ ਦਰਵਾਜ਼ੇ ਵਲ ਨੂੰ ਸਰਕ ਗਿਆ, ਜਿਸ ਵਿਚ ਦੀ ਉਹ ਅਜੇ ਹੁਣੇ ਹੁਣੇ ਲੰਘੇ ਸਨ। ਸਿੰਘਾਂ ਦੇ ਕਹਿਣ ਤੇ ਇਹ ਮਾਲੀਏ ਦੇ ਰੁਪਏ ਹਨ, ਪਲ ਭਰ ਲਈ ਰੰਘੜ ਨਸ਼ੇ ਦੇ ਹੁਲਾਰੇ ਵਿਚ ਖਾਮੋਸ਼ ਰਿਹਾ। ਪਰ ਫਿਰ ਪਲੰਘ ਤੇ ਥੋੜਾ ਜਿਹਾ ਬਾਜ਼ੂ (ਹੀ) ਵਲ ਨੂੰ ਖਿਸਕਿਆ ਤੇ ਨਿਉਂ ਕੇ ਥੈਲੀਆਂ ਨੂੰ ਹੱਥ ਨਾਲ ਟੋਹਣ ਲੱਗਾ। ਮਤਾਬ ਸਿੰਘ ਨੇ ਅੱਖ ਨਹੀਂ ਝਮਕਣ ਦਿਤੀ, ਫੁਰਤੀ ਨਾਲ ਚੋਗੇ ਹੇਠੋਂ ਸ੍ਰੀ ਸਾਹਿਬ ਕਢ ਕੇ ਆਸਮਾਨੋਂ ਡਿਗਣ ਵਾਲੀ ਬਿਜਲੀ ਸਮਾਨ ਅੱਗੇ ਨੂੰ ਨਿਵੀਂ ਹੋਈ ਮੱਸੇ ਦੀ ਧੌਣ ਉਤੇ ਠੋਕ ਦਿਤੀ ਤੇ ਮਘੇ ਵਰਗਾ ਸਿਰ ਝੁਕ ਕੇ ਕੰਚਨੀ ਦੇ ਪੈਰਾਂ ਵਲ ਡਿਗਾ ਤੇ ਨਾਲ ਹੀ ਲਹੂ ਦਾ ਫਵਾਰਾ ਗਲੀਚੇ ਤੇ ਪੈਣ ਲੱਗਾ। ਮੱਸੇ ਦਾ ਧੜ ਪਲੰਘ ਉਤੇ ਤੜਫ ਰਿਹਾ ਸੀ। ਇਹ ਕੰਮ ਅੱਖ ਝਮਕਣ ਦੇ ਚਿਰ ਨਾਲੋਂ ਵੀ ਛੇਤੀ ਹੋਇਆ ਕਿ ਕਿੰਨਾ ਚਿਰ ਦਰਸ਼ਕ ਸੋਚ ਹੀ ਨਹੀਂ ਧਕੇ ਕਿ ਕੀ ਹੋ ਗਿਆ ਹੈ। ਕੁਝ ਦੇਰ ਲਈ ਉਨ੍ਹਾਂ ਤੇ ਸਕਤਾ ਛਾ ਗਿਆ ਤੇ ਉਹ ਡਿਘਾਰ ਡਿਘਾਰ ਵੇਖੀ ਗਏ। ਮਤਾਬ ਸਿੰਘ ਨੇ ਅਗਲਾ ਹੱਥ ਮਾਰ ਕੇ ਪਖੇ ਵਾਲੇ ਦਾ ਸਿਰ ਕਲਮ ਕਰ ਦਿਤਾ। ਦਖਣ ਵਾਲੀ ਬਾਹੀ ਬੈਠਿਆਂ ਦਰਸ਼ਕਾਂ ਨੂੰ ਲਲਕਾਰਿਆ ਕਿ ਖ਼ਬਰਦਾਰ, ਜੇ ਕੋਈ ਰਤਾ ਵੀ ਹਿਲਿਆ। ਏਨੇ ਚਿਰ ਨੂੰ ਸੁਖਾ ਸਿੰਘ ਨੇ ਕੰਜਰਾਂ ਦੀ ਢਾਣੀ ਦੇ ਸਿਰ ਝਾੜ ਦਿਤੇ ਤੇ ਵੇਸਵਾ ਨੂੰ ਦਬਕਾ ਮਾਰ ਕੇ ਪੈਰਾਂ ਤੇ ਬਿਠਾ ਦਿਤਾ। ਸੁਖਾ ਸਿੰਘ ਪਹਿਲਾਂ ਹੀ ਮੂਹਰਲੇ ਦਰਵਾਜ਼ੇ ਵਲ ਸੀ, ਮਤਾਬ ਸਿੰਘ ਨੇ ਦਖਣੀ ਦਰਵਾਜ਼ਾ ਰੋਕ ਲਿਆ। ਹੁਣ ਦੋਵੇਂ ਦਰਸ਼ਕਾਂ ਦਾ ਕੀਮਾ ਉਡਾ ਰਹੇ ਸਨ। ਸਜੇ, ਖਬੇ, ਹੂਲ ਤੇ ਉਤੋਂ ਭਰਵਾਂ ਵਾਰ, ਜਵੇਂ ਵੀ ਬੈਠਿਆਂ ਉਤੇ ਸੂਤਰ ਲੱਗਾ, ਅਖ ਝਮਕਦਿਆਂ ਝਮਕਦਿਆਂ ਹਰਿਮੰਦਰ ਸਾਹਿਬ ਵਿਚ ਤੜਫਦੀਆਂ ਲਾਸ਼ਾਂ ਖਿਲਾਰ ਦਿਤੀਆਂ। ਕੁਝ ਕੁ ਬੁਰੀ ਤਰ੍ਹਾਂ ਜ਼ਖ਼ਮੀ ਹੋ ਗਏ। ਵੇਸਵਾ ਤੋਂ ਬਿਨਾਂ ਕੋਈ ਵੀ ਹਿਲਣ ਜੋਗਾ ਨਹੀਂ ਛਡਿਆ। ਗੱਲ ਉਹ ਬਣੀ ਜਿਵੇਂ ਛੇਲਿਆਂ ਦਾ ਇਜੜ ਕਿਸੇ ਬੰਦ ਅਹਾਤੇ ਵਿਚ ਦੋ ਚੀਤਿਆਂ ਦੇ ਕਾਬੂ ਆ ਗਿਆ ਹੋਵੇ। ਵੇਂਹਦਿਆਂ ਵੇਂਹਦਿਆਂ ਦਰਬਾਰ ਸਾਹਿਬ ਦਾ ਫ਼ਰਸ਼ ਲਹੂ ਨਾਲ ਭਰ ਗਿਆ। ਘੜੀ ਕੁ ਪਹਿਲਾਂ ਜਿਥੇ ਮਹਿਫਲ ਜੁੜੀ ਸੀ ਤੇ ਉਚੀ ਸੁਰ ਤਾਲ ਉਠਦੇ ਸਨ, ਹੁਣ ਵਾਜੇ, ਤਬਲੇ ਸਾਰੰਗੀਆਂ ਰੁੜ੍ਹੀਆਂ ਫਿਰਦੀਆਂ ਸਨ। ਇਹ ਘਟਨਾ ੨੨ ਭਾਦਰੋਂ ਸੰਮਤ ੧੭੯੭ ਮੁਤਾਬਕ ਅਗਸਤ ੧੭੪੦ ਈ: ਦੀ ਹੈ।[3]

ਮੱਸੇ ਰੰਘੜ ਦਾ ਸਿਰ ਤੇ ਉਸ ਦੇ ਕੀਮਤੀ ਗਹਿਣੇ ਜੋ ਉਸਨੇ ਪਾਏ ਹੋਏ ਸਨ,[4] ਲਾਹ ਕੇ ਭੂਰੇ ਵਿਚ ਵਲ੍ਹੇਟ ਲਏ। ਵੇਸਵਾ ਦਾ ਗੁਨਾਹ ਤਾਂ ਬਹੁਤ ਵੱਡਾ ਸੀ, ਪਰ ਜ਼ਨਾਨੀ ਹੋਣ ਦੇ ਨਾਤੇ ਉਸ ਨੂੰ ਕੁਝ ਨਹੀਂ ਕਿਹਾ। ਇਥੋਂ ਸਿੰਘ ਬਾਹਰ ਆਏ ਤੇ ਬੇਰੀ ਨਾਲੋਂ ਘੋੜੇ ਖੋਲ੍ਹ ਕੇ ਉਤੇ ਸਵਾਰ ਹੋ ਗਏ। ਪਹਿਰੇਦਾਰ ਪੰਜੋਤਰੇ ਵਿਚੋਂ ਹਿਸ ਲੈਂਦਾ ਲੈਂਦਾ ਬਾਂਹ ਵਢਾ ਬੈਠਾ। ਉਸ ਨੇ ਅੱਗੇ ਹੋ ਕੇ ਮਤਾਬ ਸਿੰਘ ਦੇ ਘੋੜੇ ਦੀ ਵਾਗ ਫੜ ਲਈ, ਸਿਰ ਵਾਲਾ ਭੂਰਾ ਮਤਾਬ ਸਿੰਘ ਪਾਸ ਸੀ। ਸੁਖਾ ਸਿੰਘ ਦੇ ਹੱਥ ਵੇਹਲੇ ਸਨ। ਪਹਿਰੇਦਾਰ ਨੇ ਜਦ ਵਾਗ ਨਾ ਛਡੀ ਤਾਂ ਅਗਲੇ ਪਲ ਸੁਖਾ ਸਿੰਘ ਦੀ ਤਲਵਾਰ ਉਠੀ ਤੇ ਪਹਿਰੇਦਾਰ ਦੀ ਬਾਂਹ ਉਸ ਦੇ ਪੈਰਾਂ ਵਿਚ ਪਈ ਸੀ। ਉਹ ਬਹੁੜੀ ਬਹੁੜੀ ਕਰ ਉਠਿਆ। ਅਕਾਲ ਤਖ਼ਤ ਮੱਲੀ ਬੈਠੇ ਫ਼ੌਜੀਆਂ ਨੇ ਉਥੋਂ ਉਨ੍ਹਾਂ ਨੂੰ ਲਲਕਾਰਿਆ, ਪਰ ਸਿੰਘ ਘੋੜਿਆਂ ਨੂੰ ਛੇੜ ਕੇ ਪਰਕਰਮਾ ਚੋਂ ਨਿਕਲ ਗਏ ਸਨ। ਉਹ ਇਕ ਵਢੀ ਬਾਂਹ ਨੂੰ ਰੋਂਦੇ ਸਨ, ਪਰ ਵੇਸਵਾ ਨੇ ਅੰਦਰੋਂ ਭਜ ਕੇ ਬਾਹਰ ਆ ਕੇ ਜਦ ਅੰਦਰ ਹੋਈ ਘਟਨਾ ਬਾਰੇ ਹਾਹਾਕਾਰ ਮਚਾਈ ਤਾਂ ਸਾਰਿਆਂ ਦੇ ਸਾਹ ਸੁਕ ਗਏ।


www.AKJ.Org

ਬੂ ਪਾਹਰਿਆ ਹੋਣ ਲੱਗ ਪਈ। ਅਲਾਰਮ ਖੜਕ ਗਿਆ ਤੇ ਮੱਸੇ ਦੇ ਫੌਜੀ ਸਵਾਰ ਮਗਰ ਲੱਗ ਪਏ। ਫੌਜੀ ਸਵਾਰ ਦੂਰ ਤਕ ਮਗਰ ਆਏ, ਪਰ ਸਿੰਘਾਂ ਡਾਹੀ ਨਾ ਦਿਤੀ। ਸਿੰਘ ਸੰਗ੍ਰਾਣਾ ਸਾਹਿਬ ਲਾਗੋਂ ਖਬੇ ਨੂੰ ਸਰਕ ਗਏ। ਬੰਡਾਲੇ ਵਾਲੀ ਬੀੜ ਨੂੰ ਸਿਧੇ ਹੋ ਗਏ। ਇਥੋਂ ਬਿਆਸ ਦੇ ਨਾਲ ਹੋ ਕੇ ਚੋਲ੍ਹਾ ਸਾਹਿਬ ਨੂੰ ਆ ਗਏ। ਇਥੇ ਆ ਕੇ ਰੁਕੇ, ਜਲ ਪਾਣੀ ਛਕਿਆ ਤੇ ਵਾਹਿਗੁਰੂ ਦਾ ਲਖ ਲਖ ਸ਼ੁਕਰ ਕੀਤਾ। ਘੋੜਿਆਂ ਨੂੰ ਰਜਾਇਆ ਤੇ ਸਾਹ ਲਿਆ। ਕੁਝ ਦੇਰ ਪਿਛੋਂ ਫਿਰ ਚਾਲੇ ਪਾ ਦਿਤੇ ਤੇ ਰਾਤ ਸਭਰਾਵਾਂ ਦੇ ਹੇਠ ਕਟੀ। ਸਵੇਰੇ ਨਿਤ ਕਿਰਿਆ ਤੋਂ ਵਿਹਲੇ ਹੋ ਕੇ ਦਰਿਆ ਠਿਲ੍ਹ ਗਏ ਤੇ ਮਾਲਵੇ ਦੀ ਧਰਤੀ ਤੇ ਜਾ ਕਦਮ ਰਖੇ। ਹੁਣ ਸਫ਼ਰ ਖੁਸ਼ੀਆਂ ਭਰਿਆ ਸੀ। ਰਾਤ ਤੁਰਨ ਦੀ ਲੋੜ ਨਹੀਂ ਸੀ। ਘੋੜਿਆਂ ਦੀਆਂ ਸੁਖਾਵੀਆਂ ਮੰਜ਼ਲਾਂ ਹੋ ਗਈਆਂ, ਫਿਰ ਵੀ ਦਸਵੇਂ ਦਿਨ ਪਿਛਲੇ ਪਹਿਰ ਬੁਢੇ ਜੋਹੜ ਪਹੁੰਚ ਗਏ। ਰੰਘੜ ਦਾ ਸਿਰ ਤੇ ਗਹਿਣੇ ਜਥੇ ਮੂਹਰੇ ਰਖ ਕੇ ਵਾਹਿਗੁਰੂ ਦਾ ਧੰਨਵਾਦ ਕੀਤਾ। ਸਿੰਘਾਂ ਅਕਾਸ਼-ਗੂੰਜਾਊ ਜੈਕਾਰੇ ਛੱਡੇ। ਆਪਣੇ ਸੂਰਬੀਰ ਧਰਮੀ ਵੀਰਾਂ ਨੂੰ ਘੁਟ ਘੁਟ ਗਲ ਨਾਲ ਲਾਇਆ ਤੇ ਉਨ੍ਹਾਂ ਨੂੰ ਬੜਾ ਹੀ ਸਤਿਕਾਰ ਦਿਤਾ।

ਜ਼ੇਵਰ ਤਾਂ ਲੰਗਰ ਦੀਆਂ ਰਸਦਾਂ ਲਈ ਭੇਟ ਕੀਤੇ ਗਏ। ਰੰਘੜ ਦਾ ਸਿਰ ਭੁੰਜੇ ਸੁਟ ਕੇ ਉਸ ਦੇ ਉਤੋਂ ਦੀ ਘੋੜੇ ਭਜਾਏ। ਸੁੰਮਾਂ ਨਾਲ ਕੁਚਲਿਆ। ਉਸ ਨੂੰ ਟੋਲੇ ਮਾਰੇ ਤੇ ਫਿਰ ਇਸ ਨੂੰ ਅੱਗ ਵਿਚ ਸਾੜ ਦਿਤਾ।[੫]

[ਇਸ ਆਖ਼ਰੀ ਪੰਜਵੀਂ ਕਿਸ਼ਤ ਦਾ ਬਾਕੀ ਅੱਧ ਅਗਲੇ ਪਰਚੇ ਵਿਚ

## ਪੰਜਵੀਂ ਕਿਸ਼ਤ ਦੇ ਹਵਾਲੇ ਤੇ ਫ਼ੁਟ ਨੋਟ

੧. **ਮਾੜੀ ਕੰਬੋਕੀ** :–ਇਹ ਪਿੰਡ 'ਵਾਂ' ਤਾਰਾ ਸਿੰਘ ਦੇ ਉੱਤਰ ਵਿਚ ਤਿੰਨ ਚਾਰ ਕਿਲੋਮੀਟਰ ਦੀ ਵਿਥ ਤੇ ਐਨ ਪਛਮੀ ਬਾਰਡਰ ਉਤੇ ਹੈ। ਪਹਿਲਾਂ ਜ਼ਿਲਾ ਲਾਹੌਰ ਵਿਚ ਸੀ। ਇਸ ਦਾ ਥਾਣਾ ਖਾਲੜਾ ਹੈ ਤੇ ਤਹਿਸੀਲ ਪੱਟੀ ਜ਼ਿਲਾ ਸ੍ਰੀ ਅੰਮ੍ਰਿਤਸਰ ਹੈ।

**ਮੀਰਾਂ ਕੋਟ** : ਸ੍ਰੀ ਅੰਮ੍ਰਿਤਸਰ ਦੀ ਸੈਂਟ੍ਰਲ ਜੇਲ੍ਹ ਦੇ ਉੱਤਰ ਚੜ੍ਹਦੇ ਵਿਚ ਢਾਈ ਕੁ ਕਿ: ਮੀ: ਦੇ ਫ਼ਾਸਲੇ ਤੇ ਹੈ। ਜੇਲ੍ਹ ਦੀ ਉਤਰੀ ਕੰਧ ਨਾਲ ਦੀ ਸੜਕ ਜਾਂਦੀ ਹੈ, ਜੋ ਅਜਨਾਲੇ ਨੂੰ ਜਾਣ ਵਾਲੀ ਸੜਕ ਵਿਚੋਂ ਪਾਟਦੀ ਹੈ।

੨. ਏਨੇ ਕੁ ਸਿੰਘਾਂ ਤੱਕੇ ਸਨ। ਜਦ ਸਾਰੀ ਹੋਈ ਬੀਤੀ ਬੁਢੇ ਜੋਹੜ ਆ ਕੇ ਸਿੰਘਾਂ ਨੂੰ ਸੁਣਾਈ ਤਾਂ ਅੱਜ ਤਕ ਇਹੋ ਗਿਣਤੀ ਸਿੰਘਾਂ ਦੇ ਸੀਨਾ-ਬਸੀਨਾ ਤੁਰੀ ਆਉਂਦੀ ਹੈ। ਤਰੁਣਾ ਦਲ ਦਿਆਂ ਵਖ ਵਖ ਜਥਿਆਂ ਦੇ ਪੁਰਾਣੇ ਸਿੰਘਾਂ ਤੋਂ ਜੋ ਸੁਣਿਆ-ਸਮਝਿਆ ਹੈ, ਉਹ ਮੈਂ ਇੰਨ ਬਿੰਨ ਹੀ ਦਿਤੀ ਹੈ।

੩. ਸ: ਰਤਨ ਸਿੰਘ ਭੰਗੂ 'ਪ੍ਰਾਚੀਨ ਪੰਥ ਪ੍ਰਕਾਸ਼', ਸਫ਼ਾ ੨੨੩, ਸਿਖਰ ਦੁਪਹਿਰੀਂ ਭਾਦਵੇਂ ਸੂਰਜ ਅਤਿ ਤਪਤਾਇ।

ਗਿਆਨੀਗਿਆਨ ਸਿੰਘ 'ਸ਼ਮਸ਼ੇਰ ਖਾਲਸਾ' ਨੰਬਰ ੨ (ਭਾਸ਼ਾ ਵਿਭਾਗ) ਸਫਾ ੧੩੨ ਉਤੇ ੧੨ ਜੇਠ ਸੰਮਤ ੧੭੯੭ ਦੀ ਘਟਨਾ ਦਸਦਾ ਹੈ। ਪਰ ਇਹ ਮਿਤੀ ਦਰੁਸਤ ਨਹੀਂ ਜਾਪਦੀ। ਸ: ਰਤਨ ਸਿੰਘ ਭੰਗੂ ਦਾ ਸ੍ਰੋਤ, ਜੋ ਉਸ ਦੇ ਪਿਤਾ ਜੀ ਨੇ ਦਸਿਆ ਤੇ ਉਸ ਨੇ ਆਪਣੇ ਬਜ਼ੁਰਗ ਸਹੁਰਾ ਸ: ਸ਼ਾਮ ਸਿੰਘ ਤੋਂ ਸੁਣਿਆ, ਜਿਨ੍ਹਾਂ ਪਾਸ ਉਹ ਘਟਨਾ ਵਾਪਰਨ ਤੋਂ ਪਿਛੋਂ ਸੁਖਾ ਸਿੰਘ ਤੇ ਮਤਾਬ ਸਿੰਘ ਗਏ, ਜ਼ਿਆਦਾ ਸਹੀ ਹੈ। ਸ: ਸ਼ਾਮ ਸਿੰਘ, ਸ: ਮਤਾਬ ਸਿੰਘ,ਸੁਖਾ ਸਿੰਘ ਮਾੜੀ ਕੰਬੋਕੀ ਤੇ ਰਾਇ ਸਿੰਘ ਦੀ ਗਵਾਹੀ ਜ਼ਿਆਦਾ ਪ੍ਰਮਾਣੀਕ ਹੈ। –ਸਵਰਨ ਸਿੰਘ

੪. ਮੱਸੇ ਕੋ ਇਮ ਸੀਸ ਉਤਾਰਯੋ। ਜਨ ਕਰ ਬੇਲੋਂ ਕਦੂਆ ਟਾਰਯੋ।
ਹੁਤੇ ਜੋ ਜ਼ੇਵਰ, ਤਾ ਕੇ ਦੁਆਰੇ। ਦੂਜੇ ਸਿੰਘ ਸੋ ਲਯੋ ਉਤਾਰੇ।

ਸ: ਰਤਨ ਸਿੰਘ ਭੰਗੂ, ਪ੍ਰਾਚੀਨ ਪੰਥ ਪ੍ਰਕਾਸ਼, ਸਫਾ ੨੨੪, ਤੀਜੀ ਪੰਕਤੀ ਵਿਚ ਆਇਆ ਸ਼ਬਦ 'ਤਾਂ ਕੇ' ਪੜਨਾਂਵ ਹੈ, ਜਿਸ ਦਾ ਅਰਥ ਹੈ ਉਸ ਦੇ, ਭਾਵ, ਮੱਸੇ ਦੇ। ਅਰਥ ਸਪਸ਼ਟ ਹਨ। ਮੱਸੇ ਉਦਾਲੇ ਜੋ ਜ਼ੇਵਰ ਸਨ, ਉਹ ਦੂਜੇ ਸਿੰਘ ਨੇ ਉਤਾਰ ਲਏ।

ਉਸ ਸਮੇਂ ਇਲਾਕਿਆਂ ਦੇ ਚੋਧਰੀ ਇਸਤ੍ਰੀਆਂ ਵਾਂਗ ਗਹਿਣੇ ਪਾ ਕੇ ਆਪਣੇ ਆਪ ਨੂੰ ਸਜਾਇਆ ਕਰਦੇ


www.AKJ.Org

ਸਨ। ਮੱਸਾ ਕਿਸੇ ਨਾਲੋਂ ਘਟ ਨਹੀਂ ਸੀ। ਉਸ ਨੇ ਵੀ ਜ਼ੇਵਰ ਪਹਿਨੇ ਹੋਏ ਸਨ, ਜੋ ਸੁਖਾ ਸਿੰਘ ਨੇ ਉਤਾਰ ਲਏ। ਕਈਆਂ ਟਪਲਾ ਖਾ ਕੇ ਲਿਖ ਦਿਤਾ ਹੈ ਕਿ ਕੰਚਨੀ ਦੇ ਗਹਿਣੇ ਸੁਖਾ ਸਿੰਘ ਨੇ ਉਤਾਰ ਲਏ, ਜੋ ਸਰਾਸਰ ਗਲਤ ਹੈ। ਵੇਸਵਾ ਦਾ ਭਾਰੀ ਗੁਨਾਹ ਹੁੰਦਿਆਂ ਹੋਇਆਂ ਵੀ ਉਸ ਨੂੰ ਜ਼ਿੰਦਾ ਛਡ ਗਏ। ਜੇ ਔਰਤ ਤੇ ਹੱਥ ਨਹੀਂ ਉਠਾਇਆ ਤਾਂ ਉਸ ਦੇ ਗਹਿਣਿਆਂ ਨੂੰ ਕਿਸ ਲਈ ਹੱਥ ਪਾਉਣਾ ਸੀ। ਇਹ ਲਿਖਾਰੀਆਂ ਦਾ ਰੌਂ ਵਿਚ ਆਇਆਂ ਦਾ ਭੁਲੇਖਾ ਹੈ। —ਸਵਰਨ ਸਿੰਘ]

੫. ਜੂਨ ੧੯੭੯ ਵਿਚ ਮੈਂ ਬੁਢੇ ਜੌਹੜ ਗਿਆ ਸੀ। ਇਕ ਰਣਜੀਤ ਸਿੰਘ ਨਾਮੇ ਸਿੰਘ, ਜਿਸ ਦਾ ਬੁਢੇ ਦਲ ਨਾਲ ਸੰਬੰਧ ਸੀ, ਪਾਸੋਂ ਇਸ ਘਟਨਾ ਬਾਰੇ ਕਈ ਸਵਾਲ ਪੁਛੇ ਸਨ। ਜਿਸ ਥਾਂ ਮੱਸੇ ਦਾ ਸਿਰ ਸਾੜਿਆ ਗਿਆ ਸੀ, ਉਥੇ ਇਕ ਜੰਡ ਸੀ, ਜੋ ਬੜੀ ਦੇਰ ਤਕ ਉਸਦੀ ਨਿਸ਼ਾਨ-ਦੇਹੀ ਕਰਦਾ ਰਿਹਾ। ਇਹ ਸੈਂਕੜੇ ਸਾਲਾਂ ਦਾ ਪੁਰਾਣਾ ਜੰਡ ਕੁਝ ਸਾਲ ਹੋਏ, ਡਿਗ ਪਿਆ ਹੈ ਤੇ ਸਿੰਘ ਚੁਕ ਕੇ ਆਪਣੀ ਛਾਉਣੀ ਵਿਚ, ਜੋ ਗੁਰਦਵਾਰਾ ਬੁਢਾ ਜੌਹੜ ਦੀ ਇਮਾਰਤ ਦੇ ਪਿਛਲੇ ਪਾਸੇ ਹੈ, ਰਖ ਦਿਤਾ। ਮੈਂ ਇਸ ਨੂੰ ਇਸੇ ਹਾਲਤ ਵਿਚ ਵੇਖਿਆ ਸੀ। ਪਹਿਲੀ ਥਾਂ ਉਸ ਵੇਲੇ "ਇਕ ਹੋਰ ਜੰਡ" ਦਾ ਬੂਟਾ ਖੜਾ ਸੀ, ਜੋ ਦਸ ਕੁ ਫੁਟ ਉਚਾ ਸੀ। ਇਸ ਤੋਂ ਬਿਨਾ ਕੋਈ ਹੋਰ ਨਿਸ਼ਾਨੀ ਉਥੇ ਮੌਜੂਦ ਨਹੀਂ ਹੈ। ਬੁਢਾ ਜੌਹੜ ਦੇ ਸ਼੍ਰੋਮਣੀ ਪ੍ਰਬੰਧਕ ਸੰਤ ਜੀ ਨੂੰ ਬੇਨਤੀ ਕੀਤੀ ਸੀ ਕਿ ਇਥੇ ਕੋਈ ਪੱਕੀ ਨਿਸ਼ਾਨੀ ਕਾਇਮ ਕੀਤੀ ਜਾਵੇ। ਉਨ੍ਹਾਂ ਬੜਾ ਉਤਸ਼ਾਹ ਭਰਿਆ ਹੁੰਗਾਰਾ ਦਿਤਾ ਸੀ। ਪਿਛੋਂ ਪਤਾ ਲੱਗਾ ਹੈ ਕਿ ਹੁਣ ਤੀਕ ਕੁਝ ਨਹੀਂ ਬਣ ਸਕਿਆ। ਕਾਸ਼! ਮੇਰੀ ਇਹ ਅਵਾਜ਼ ਕਿਸੇ ਪੰਥ-ਦਰਦੀ ਦੇ ਦਿਲ ਤੇ ਅਸਰ ਕਰ ਸਕੇ।

---

# 'ਸੂਰਾ' ਪੱਤਰ ਵਿਰੁਧ ਕੇਸ ਦਰਜ

ਉਪਰੋਕਤ ਸਿਰਲੇਖ ਹੇਠ ਅਖ਼ਬਾਰਾਂ ਵਿਚ ਖ਼ਬਰਾਂ ਛਪਣ ਕਰਕੇ ਪਾਠਕਾਂ ਤੇ ਸਿਖ ਸੰਗਤਾਂ ਵਲੋਂ ਪੁਛ ਗਿਛ ਹੋ ਰਹੀ ਹੈ। ਇਸ ਸੰਬੰਧੀ ਬੇਨਤੀ ਹੈ ਕਿ ਪਹਿਲੀ ਸਰਕਾਰ ਨੇ ਧਾਰਮਿਕ ਮਾਸਕ ਪੱਤਰ 'ਸੂਰਾ' ਉਪਰ ਦੋ ਨਜਾਇਜ਼ ਕੇਸ ਪਾਏ ਹਨ, ਇਕ ਕੇਸ 'ਸੂਰਾ' ਨਵੰਬਰ ੮੪ ਅੰਕ ਉਪਰ ਪ੍ਰੈਸ ਐਕਟ ੧੯੫੭ ਦੀ ਧਾਰਾ ੪ ਅਧੀਨ ਬਣਾਇਆ ਗਿਆ ਅਤੇ ਦੂਜਾ ਕੇਸ 'ਸੂਰਾ' ਮਾਰਚ ੮੫ ਦੇ ਅੰਕ ਸੰਬੰਧੀ, ਗ੍ਰਹਿ ਸਕੱਤਰ ਪੰਜਾਬ ਦੇ ਹੁਕਮ ਅਨੁਸਾਰ ਧਾਰਾ ੧੨੪-ਏ ਦੇ ਤਹਿਤ ਸੰਪਾਦਕ ਅਤੇ ਪ੍ਰਿੰਟਰ ਦੇ ਖ਼ਿਲਾਫ਼ ਰਜਿਸਟਰ ਕੀਤਾ ਗਿਆ।

ਇਨ੍ਹਾਂ ਦੋਹਾਂ ਪਰਚਿਆਂ ਵਿਚਲਾ ਕਥਿਤ ਇਤਰਾਜ਼ ਯੋਗ ਮੈਟਰ ਦੂਸਰੇ ਵਖ ਵਖ ਛਪਦੇ ਪਰਚਿਆਂ, ਰੋਜ਼ਾਨਾ ਅਜੀਤ, ਮਾਸਕ ਗੁਰਮਤਿ ਪ੍ਰਕਾਸ਼, ਸੰਤ ਸਿਪਾਹੀ ਆਦਿ ਵਿਚੋਂ ਹਵਾਲਾ ਦੇ ਕੇ ਦੁਬਾਰਾ ਵਰਤਿਆ ਗਿਆ ਹੈ। ਇਸ ਮੈਟਰ ਵਿਚ ਕੋਈ ਅਜਿਹੀ ਗੱਲ ਨਹੀਂ, ਜੋ ਫ਼ਿਰਕਿਆਂ ਵਿਚ ਫੁਟ ਅਥਵਾ ਨਫ਼ਰਤ ਫੈਲਾਉਣ ਦਾ ਕਾਰਨ ਹੋਵੇ, ਜਾਂ ਸਰਕਾਰ ਦੇ ਖ਼ਿਲਾਫ਼ ਕਿਸੇ ਕਿਸਮ ਦੀ ਬਗ਼ਾਵਤ ਕਰਨ ਲਈ ਉਕਸਾਹਟ ਹੋਵੇ।

ਪਿਛਲੀ ਸਰਕਾਰ ਵਲੋਂ ਬਣਾਏ ਗਏ ਇਹ ਨਜਾਇਜ਼ ਕੇਸ ਨਵੀਂ ਸਰਕਾਰ ਵਾਪਸ ਲੈ ਰਹੀ ਹੈ।

# ਭਾ: ਸਾ: ਭਾਈ ਰਣਧੀਰ ਸਿੰਘ ਪਾਠ ਉਤਸ਼ਾਹਤ ਸਕੀਮ

ਇਸ ਸਕੀਮ ਅਧੀਨ ਜਿਨ੍ਹਾਂ ਬੱਚਿਆਂ ਨੇ ਪੋਹ ਸੁਦੀ ਸਪਤਮੀ ਦੇ ਮੌਕੇ ਤੇ ਪ੍ਰੀਖਿਆ ਦੇਣ ਦਾ ਇਰਾਦਾ ਬਣਾਇਆ ਹੋਵੇ ਉਹ ਲੁੜੀਂਦੇ ਫਾਰਮ ਹੇਠ ਲਿਖੇ ਪਤੇ ਤੋਂ ਮੰਗਵਾ ਕੇ ੩੦ ਨਵੰਬਰ ਤਕ ਇਸੇ ਪਤੇ ਤੇ ਭੇਜ ਦੇਣ—

ਭਾਈ ਬਲਬੀਰ ਸਿੰਘ ਜੀ, 23-ਜੀ, ਸਰਾਭਾ ਨਗਰ, ਲੁਧਿਆਣਾ

## ਸੈਂਟਰਲ ਸਮਾਗਮਾਂ ਬਾਰੇ ਜ਼ਰੂਰੀ ਸੂਚਨਾ

ਆਮ ਗਿਆਤ ਲਈ ਇਹ ਫਿਰ ਦੁਹਰਾਅ ਦੇਣਾ ਜ਼ਰੂਰੀ ਹੈ ਕਿ ਜਥੇ ਦੇ ਸੈਂਟਰਲ ਸਮਾਗਮਾਂ ਸਮੇਂ ਹੋਰ ਕਿਤੇ ਵੀ ਕੋਈ ਵਿਸ਼ੇਸ਼ ਸਮਾਗਮ ਨਹੀਂ ਰਖਣੇ ਚਾਹੀਦੇ, ਤਾਂ ਜੁ ਸੈਂਟਰਲ ਸਮਾਗਮ ਦੀਆਂ ਰੌਣਕਾਂ ਵਧ ਸਕਣ।

ਸੰਗਤਾਂ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ



www.AKJ.Org

# ਨਵੰਬਰ ੧੯੮੪ ਦਾ ਦਰਦਨਾਕ ਸਾਕਾ

[ਗਿਆਨੀ ਉਤਮ ਸਿੰਘ ਜੀ ,ਪਾਤਰ, ਇਤਿਹਾਸਕਾਰ ਦਿੱਲੀ]

ਅਕਾਲ ਪੁਰਖ ਦੀ ਫੌਜ ਖਾਲਸਾ, ਜਿਸ ਨੂੰ ਝੂਠੀ ਨਹੀਂ ਲਾਲਸਾ।
ਕਲਗੀਧਰ ਦੇ ਰਾਜ ਦੁਲਾਰੇ, ਧਰਮ ਲਈ ਜਿਨ੍ਹਾਂ ਸੀਸ ਸੰਦ ਵਾਰੇ।
ਜ਼ੁਲਮ ਪਾਪ ਦੀ ਸੰਘੀ ਘੁੱਟੀ, ਮੁਗਲੀਆ ਹਕੂਮਤ ਦੀ ਜੜ੍ਹ ਪੁੱਟੀ।
ਮਰਦਾ ਹਿੰਦੂ ਧਰਮ ਬਚਾਇਆ, ਝੁਗਾ ਆਪਣਾ ਸਭ ਲੁਟਵਾਇਆ।
ਮਜ਼ਲੂਮਾਂ ਦੇ ਸਿੰਘ ਰਖਵਾਲੇ, ਜਾਬਰ ਦੁਸ਼ਟਾਂ ਨੂੰ ਗਾਲਣ ਵਾਲੇ।
ਲਈ ਅਜ਼ਾਦੀ ਵਾਰ ਕੇ ਜਾਨਾਂ, ਹਿੰਦ ਦੀਆਂ ਕੀਤੀਆਂ ਉਚੀਆਂ ਸ਼ਾਨਾਂ।
ਕਦਰ ਨਾ ਫੁਟੀ ਕੌਡੀ ਪਾਈ, ਕੀਤੀ ਉਲਟੀ ਬੇ-ਹੱਯਾਈ।
ਅਕਾਲ ਤਖਤ ਦੀ ਬਿਲਡਿੰਗ ਢਾਹੀ, ਬੂਟਾਂ ਸਣੇ ਪ੍ਰਕਰਮਾ ਗਾਹੀ।
ਸਿੰਘਾਂ ਦੇ ਦਿਲ ਜ਼ਖਮੀ ਹੋਏ, ਵੇਖ ਬੇਅਦਬੀ ਭੁਬੀਂ ਰੋਏ।
ਮਲ੍ਹਮ ਲਾਣ ਦੀ ਦਿਤੀ ਦੁਹਾਈ, ਭਰੀ ਰਖੀ ਦਿਲ ਵਿਚ ਖੁਟਿਆਈ।
ਬਣਾਇਆ ਗੁਪਤ ਸੀ ਰਲ ਪਲਾਨ, ਸਿਖ ਨਾ ਰਹੇ ਵਿਚ ਹਿੰਦੁਸਤਾਨ।
ਲਖਪਤ ਨੇ ਜਿਵੇਂ ਸਹੁੰ ਸੀ ਖਾਧੀ, ਕੀਤੀ ਸਿੰਘਾਂ ਦੀ ਬਰਬਾਦੀ।
ਘਲੂਘਾਰਾ ਸੀ ਓਹੋ ਦੁਹਰਾਇਆ, ਸਿਖਾਂ ਵਿਰੁਧ ਸੀ ਜ਼ਹਿਰ ਫੈਲਾਇਆ।
ਕਹਿਰ ਦੇ ਹੋਇ ਅਤਿਆਚਾਰ, ਕਤਲ ਕੀਤੇ ਸਿੰਘ ਸਰੇ ਬਾਜ਼ਾਰ।
ਭਾਰਤ ਮਾਂ ਦੀ ਅਖ ਦੇ ਤਾਰੇ ਚੁਣ ਚੁਣ ਸਿੰਘ ਇਨ੍ਹਾਂ ਦੁਸ਼ਟਾਂ ਮਾਰੇ।
ਪਾ ਪਟਰੌਲ ਜੀਂਦੇ ਕਈ ਸਾੜੇ, ਹਤਿਆਰਿਆਂ ਨੇ ਦਿਨ ਦਿਹਾੜੇ।
ਬੇਦੋਸ਼ੇ ਬ੍ਰਿਧ ਬਾਲ ਜੁਆਨ, ਫੂਕ ਦਿਤੇ ਸਨ ਸਣੇ ਮਕਾਨ।
ਗਡੀਆਂ ਬਸਾਂ ਦੇ ਵਿਚੋਂ ਮੁਸਾਫਿਰ, ਕਢ ਕਢ ਵਢੇ ਸਿੰਘ ਬਹਾਦਰ।
ਲੁਟੀਆਂ ਫ਼ੈਕਟਰੀਆਂ ਤੇ ਦੁਕਾਨਾਂ, ਇੰਦਰਾ ਕਤਲ ਦਾ ਕਰ ਬਹਾਨਾ।
ਸਕੂਟਰਾਂ ਕਾਰਾਂ ਨੂੰ ਅਗਾਂ ਲਾਈਆਂ, ਬਸਾਂ ਟੈਕਸੀਆਂ ਸਭ ਜਲਾਈਆਂ।
ਗੁਰਦੁਵਾਰੇ ਪਵਿਤਰ ਅਸਥਾਨ, ਵੰਡੀਦਾ ਜਿਥੇ ਬ੍ਰਹਮ ਗਿਆਨ।
ਪੂਜਿਆ ਜਾਏ ਜਿਥੇ ਭਗਵਾਨ, ਜਾਏ ਨਾ ਭੁਖਾ ਕੋਈ ਇਨਸਾਨ।
ਸਾੜੀਆਂ ਬੀੜਾਂ ਗ੍ਰੰਥ ਮਹਾਨ, ਢਾਹੇ ਪਾਂਬਰਾਂ ਗੁਰ ਅਸਥਾਨ।
ਰੱਖਿਆ ਜਿਨ੍ਹਾਂ ਦੀ ਸਦਾ ਸੀ ਕੀਤੀ, ਉਹਨਾਂ ਰਜ ਕੀਤੀ ਬਦਨੀਤੀ।
ਪੁਲਸੀਆਂ ਨੂੰ ਜਿਵੇਂ ਸੀ ਹਿਦਾਇਤ, ਸੁਣੀ ਨਾ ਉਹਨਾਂ ਕੋਈ ਸ਼ਿਕਾਇਤ।
ਅਕ੍ਰਿ-ਘਣਤਾ ਦਾ ਨਾਚ ਸੀ ਨਚਿਆ, ਦੁਨੀਆ ਵਿਚ ਕੁਰਲਾਟ ਸੀ ਮਚਿਆ।
ਅਜ਼ਾਦੀ ਲਈ ਕੀਤੀ ਕੁਰਬਾਨੀ, ਤਵਾਰੀਖ ਵਿਚ ਹੈ ਲਾਸਾਨੀ।
ਕੋਈ ਸਿਖ ਵੀ ਨਹੀਂ ਅਤਿਵਾਦੀ, ਉਗਰਵਾਦੀ ਨਾ ਹੈ ਵੱਖਵਾਦੀ।
ਸਿੰਘ ਕਿਸੇ ਤੋਂ ਭੀਖ ਨਾ ਮੰਗਦੇ, 'ਪਾਤਰ' ਸਚ ਕਹਿਣੋਂ ਨਾ ਸੰਗਦੇ।
ਬੰਦੇ ਹੋਣ ਮੰਦੇ ਜਾਂ ਚੰਗੇ – ਸਿਖ ਸਰਬੱਤ ਦਾ ਭਲਾ ਹੀ ਮੰਗੇ।



www.AKJ.Org

# ਸ਼ਹੀਦੀ ਤੇ ਪੀੜਤ ਪਰਵਾਰ ਫ਼ੰਡ

ਸ੍ਰੀ ਅੰਮ੍ਰਿਤਸਰ, ਕਾਨਪੁਰ, ਦਿਲੀ ਅਤੇ ਪੰਜਾਬ ਤੇ ਭਾਰਤ ਦੇ ਹੋਰ ਪ੍ਰਾਂਤਾਂ ਵਿਚ ਸਿਖਾਂ ਦੇ ਕਤਲੇ-ਆਮ ਵਿਚ ਅਨਗਿਣਤ ਵਿਧਵਾਵਾਂ ਹੋਈਆਂ, ਹਜ਼ਾਰਾਂ ਬੱਚੇ ਯਤੀਮ ਹੋਏ. ਅਖੰਡ ਕੀਰਤਨੀ ਜਥੇ ਦੇ ਵੀ ਕਈ ਪਰਵਾਰ ਤਬਾਹ ਤੇ ਬਰਬਾਦ ਹੋਏ ਅਤੇ ਕਈ ਗੁਰੂ ਕੇ ਲਾਲ ਸਨਮੁਖ ਜੂਝ ਕੇ ਸ਼ਹੀਦੀਆਂ ਪਾ ਗਏ। ਇਨ੍ਹਾਂ ਦੁਖੀ ਤੇ ਪੀੜਤ ਪਰਵਾਰਾਂ ਲਈ ਸਿਖ ਸੰਗਤਾਂ ਬੇਅੰਤ ਮਾਇਆ ਭੇਜ ਰਹੀਆਂ ਹਨ। ਐਤਕੀ ਪੁਜੀ ਮਾਇਆ ਦਾ ਵੇਰਵਾ ਇਉਂ ਹੈ—

| | |
|---|---|
| ਸਿਖ ਇਸਤ੍ਰੀ ਸਤਸੰਗ, ਗ੍ਰੇਵਜ਼ੇਂਡ ਯੂ. ਕੇ. | ੫੦੦-੦੦ |
| ਸ: ਪ੍ਰੀਤਮ ਸਿੰਘ A.S.M. ਬਾਰਮੇਰ(ਰਾਜਸਥਾਨ) | ੫੦੦-੦੦ |
| ਬੀਬੀ ਸਤਬੀਰ ਕੌਰ | ੫੦੦-੦੦ |
| ਭਾਈ ਸਾਹਿਬ ਰਾਮ ਸਿੰਘ | ੧੦੦-੦੦ |
| ਸ: ਅਜੀਤ ਸਿੰਘ ਡਰਬੀ ਯੂ. ਕੇ. | ੫੬੪-੮੦ |
| ਸਰਦਾਰ ਬੀ. ਐਸ. ਗਿਲ ਡਰਬੀ ਯੂ. ਕੇ. | ੧੬੩-੭੦ |
| ਜਰਮਨ ਦੀ ਸੰਗਤ Stuttgart | ੧੯੮੨-੦੦ |
| ਭਾਈ ਕੁਲਦੀਪ ਸਿੰਘ ਨੇਵੀ, ਬੰਬੇ | ੧੦੦-੦੦ |
| ਸ: ਵਰਿਆਮ ਸਿੰਘ ਮਾਨਸਾ (ਬਠਿੰਡਾ) | ੧੫੦-੦੦ |
| ਸ: ਹਰਨੇਕ ਸਿੰਘ ਜੇਦ. ਮਾਨਸਾ (ਬਠਿੰਡਾ) | ੧੫੦-੦੦ |
| ਗੁਰਦਵਾਰਾ ਸਾਹਿਬ ਕਵੈਨਟਰੀ ਯੂ. ਕੇ. | ੩੦੦੩-੦੦ |
| ਸ: ਹਰਭਜਨ ਸਿੰਘ ਨਕੂਰੂ, ਈਸਟ ਅਫ਼ਰੀਕਾ | ੩੪੫-੦੦ |
| ਸ: ਸ਼ਿਵ ਸਿੰਘ ਬੈਂਸ ਕੁਵੈਨਟਰੀ ਯੂ. ਕੇ. | ੧੬੬-੯੦ |
| ਭਾਈ ਜੋਗਿੰਦਰ ਸਿੰਘ, ਲਾਇਸੈਸਟਰ ਯੂ. ਕੇ. | ੨੫੦-੩ |
| ਭਾਈ ਮਹਿੰਦਰ ਸਿੰਘ, ਕੁਵੈਨਟਰੀ ਯੂ. ਕੇ | ੮੮੪-੦੫ |
| ਸ: ਹਰਬੰਸ ਸਿੰਘ ਅੰਬਾਲਾ | ੫੦-੦੦ |
| ਭਾਈ ਪ੍ਰਿਤਪਾਲ ਸਿੰਘ, ਆਦਮਪੁਰ (ਜਲੰਧਰ) | ੪੦੦-੦੦ |
| ਬੀ:ਹਰਸ਼ਰਨ ਕੌਰ ਕਰਨਲ ਦਲਜੀਤਸਿੰਘ ਮਿਠਾਪੁਰ | ੧੦੦੦-੦ |
| ਭਾਈ ਗੁਰਨਾਮ ਸਿੰਘ, ਰੇਡਿੰਗ, ਯੂ. ਕੇ. | ੧੦੦੦-੦੦ |
| ਸ: ਮੰਗਲ ਸਿੰਘ, ਨੰਗਲ ਟਾਊਨਸ਼ਿਪ | ੧੦੦-੦੦ |

| | |
|---|---|
| ਸੰਗਤ ਗੁ: ਪ੍ਰਾਜੈਕਟ ਜ਼ਿਲਾਤਨ (ਲੀਬੀਆ) | ੪੦੦੦-੦੦ |
| ਸ: ਪ੍ਰਦੁਮਨ ਸਿੰਘ, ਜਲੰਧਰ (ਗੋਲਕ ਫ਼ੰਡ ਚੋਂ) | ੧੦੧-੦੦ |
| ਸੰਗਤ ਢੰਡਾਰੀ ਕਲਾਂ (ਲੁਧਿਆਣਾ) | ੩੫੧-੦੦ |
| ਸ: ਕਰਤਾਰ ਸਿੰਘ, ਨਵੀਂ ਦਿਲੀ | ੧੨-੦੦ |
| ਸ: ਮਹਿਮਾ ਸਿੰਘ, ਏਅਰ ਫੋਰਸ, ਬਰਨਾਲਾ | ੧੦੧-੦੦ |
| ਸ: ਜਗਤ ਸਿੰਘ ਲਖਨਊ ਪੋਤਰੇ ਦੀ ਯਾਦ ਵਿਚ | ੧੫੧-੦੦ |
| ਗੁਪਤ ਦਾਨ | ੧੦੫-੦੦ |
| ਮਾਤਾ ਮੀਰਾਂ ਵਾਲੀ ਦਾ ਪਰਵਾਰ, ਜੋਧਪੁਰ | ੧੦੦੧-੦੦ |
| ਗੁਰੂ ਕੀ ਗੋਲਕ, ਜੋਧਪੁਰ | ੧੦੦੧-੦੦ |
| ਬੀਬੀ ਵਰਿਆਮ ਕੌਰ, ਦਿਲੀ | ੧੦੦-੦੦ |
| ਸੰਗਤ ਜੈਪੁਰ | ੫੦੦-੦੦ |
| ਇਕ ਸਿੰਘ ਗੁਪਤ ਦਿਲੀ | ੨੫੦-੦੦ |
| ਸ: ਹਰਭਜਨ ਸਿੰਘ, ਦਿਲੀ | ੫੧-੦੦ |
| ਬੀਬੀ ਗੁਰਦੇਵ ਕੌਰ | ੧੦੦-੦੦ |
| ਬੀਬੀ ਦਿਆਲ ਕੌਰ, ਜਮਸ਼ੇਦਪੁਰ | ੩੫-੦੦ |
| ਸ:ਅਤਰ ਸਿੰਘ,ਦਿਲੀ ਮਾਤਾ ਪਿਤਾ ਦੀ ਯਾਦ ਵਿਚ | ੨੦੧-੦੦ |
| ਗੁਰੂ ਕੀ ਗੋਲਕ, ਦਿਲੀ | ੧੦੦-੦੦ |
| ਸ: ਦਲੀਪ ਸਿੰਘ ਮਾਡਲ ਟਾਊਨ, ਦਿਲੀ | ੧੦੦-੦੦ |
| ਸ: ਤਾਰਾ ਸਿੰਘ, ਮਲਾਡ, ਬੰਬੇ ੬੪ | ੨੫੦-੦੦ |
| ਸ:ਐਚ.ਐਸ.ਗਿਲ, ਅਜੀਤਨਗਰ, ਅੰਮ੍ਰਿਤਸਰ | ੧੦੦੧-੦੦ |
| ਸ: ਹਰਭਜਨ ਸਿੰਘ, ਭੰਡਪ, ਬੰਬੇ-੭੮ | ੩੧-੦੦ |

## ਪੀੜਤ ਪਰਵਾਰਾਂ ਨੂੰ ਸਹਾਇਤਾ

ਇਹ ਸਹਾਇਤਾ ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੇ ਨਾਲ ਨਾਲ ਹੋਰ ਗੁਰਸਿਖ ਪੀੜਤ ਪਰਵਾਰਾਂ ਨੂੰ ਵੀ ਲੋੜ ਤੇ ਯੋਗਤਾ ਅਨੁਸਾਰ ਦਿਤੀ ਜਾ ਰਹੀ ਹੈ। ਐਤਕੀ ਹੇਠ ਲਿਖੇ ਪਰਵਾਰਾਂ ਨੂੰ ਸਹਾਇਤਾ ਦਿਤੀ ਗਈ—

| | |
|---|---|
| ਬੀਬੀ ਹਰਨਾਮ ਕੌਰ ਮਥੁਰਾ ਤੋਂ, ਅਜ ਕਲ੍ਹ ਦਿਲੀ | ੫੦੦੦-੦੦ |
| ਬੀਬੀ ਬਲਜੀਤ ਕੌਰ ਬਟਾਲਾ | ੧੦,੦੦੦-੦੦ |
| ਬੀਬੀ ਜੋਗਿੰਦਰ ਕੌਰ ਰਾਏਪੁਰ ਕਲਾਂ, ਜੰਡਿਆਲਾ ਗੁਰੂ | ੧੦,੦੦੦-੦੦ |
| ਬੀਬੀ ਮਨਜੀਤ ਕੌਰ ਨਾਗੋਕੇ (ਅੰਮ੍ਰਿਤਸਰ) | ੫,੦੦੦-੦੦ |

## ਪੀੜਤ ਪਰਵਾਰਾਂ ਦੀ ਦੇਖ ਭਾਲ

ਅਖੰਡ ਕੀਰਤਨੀ ਜਥੇ ਦੇ ਪੀੜਤ ਪਰਵਾਰਾਂ ਦੀ ਦੇਖ ਭਾਲ ਸਾਡੀਸਾਂਝੀ ਜਿਮੇ ਵਾਰੀ ਹੈ। ਅਜਿਹੇ ਪਰਵਾਰਾਂ ਦੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਵਿਸ਼ੇਸ਼ ਧਿਆਨ ਦੇ ਮੁਥਾਜ ਹਨ। ਇਸ ਜ਼ਿਮੇਵਾਰੀ ਦੇ ਅਹਿਸਾਸ ਵਜੋਂ ਜਥੇ ਵਲੋਂ ਹਰ ਮੁਮਕਿਨ ਕੋਸ਼ਿਸ਼ ਕੀਤੀ ਜਾਵੇਗੀ ਕਿ ਅਜਿਹੇ ਬੱਚਿਆਂ ਦੀ ਪੜ੍ਹਾਈ ਅਤੇ ਬੱਚੀਆਂ ਦੇ ਅਨੰਦ ਕਾਰਜ ਲਈ ਹਰ ਪਰਵਾਰ ਦੀ ਹਾਲਤ ਮੁਤਾਬਕ ਯੋਗ ਸਹਾਇਤਾ ਕੀਤੀ ਜਾਵੇ। ਇਸ ਸੰਬੰਧੀ ਸੂਚਨਾ ਜਥੇ ਦੇ ਕੇਂਦਰੀ ਦਫ਼ਤਰ (ਰਾਹੀਂ ਸੂਰਾ ਮਾਸਕ ਪੱਤਰ) ਪੂਰੇ ਵੇਰਵਿਆਂ ਸਹਿਤ ਭੇਜੀ ਜਾਵੇ ਜੀ।

ਖਾਲਸਾ ਜੀ ਦਾ ਸੇਵਕ— ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ, ਕੇਂਦਰੀ ਦਫਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸ



www.AKJ.Org

## ਅਖੰਡ ਕੀਰਤਨੀ ਜਥਾ ਯੂ. ਕੇ. ਵਲੋਂ ਰੈਣ ਸਬਾਈ ਕੀਰਤਨ

ਭਾਈ ਗੁਰਨਾਮ ਸਿੰਘ ਜੀ ਰੈਡਿੰਗ ਤੋਂ ਸੂਚਨਾ ਦੇਂਦੇ ਹਨ ਕਿ 23-11-85 ਸ਼ਨੀਵਾਰ ਰਾਤ ਨੂੰ ਗੁਰਦਵਾਰਾ ਗੁਰੂ ਗੋਬਿੰਦ ਸਿੰਘ, ਲੀਡਜ਼ ਰੋਡ, ਬ੍ਰੈਡਫੋਰਡ-3 ਵਿਖੇ ਰੈਣ ਸਬਾਈ ਕੀਰਤਨ ਹੋਣਗੇ। ਪੁਜ ਕੇ ਰਸ ਮਾਣੋ ਜੀ।

**Gurdwara Guru Gobind Singh, Leads Road, Bradford-3 (U.K)**

ਪੁਛਗਿਛ—ਗੁਰਦਵਾਰਾ ਫੋਨ 0274-27928, ਭਾ: ਗੁਰਨਾਮ ਸਿੰਘ ਫ਼ੋਨ 0274-667293

## ਚੰਡੀਗੜ ਵਿਖੇ ਸ੍ਰੀ ਗੁਰੂ ਗ੍ਰੰਥ ਸਾਹਿਬ ਗਦੀ ਨਸ਼ੀਨੀ ਗੁਰਪੁਰਬ ਸਮਾਗਮ

ਸ੍ਰੀ ਗੁਰੂ ਗ੍ਰੰਥ ਸਾਹਿਬ ਜੀ ਦੇ ਗੁਰ-ਗਦੀ ਨਸ਼ੀਨੀ ਗੁਰਪੁਰਬ ਦੇ ਸੰਬੰਧ ਵਿਚ ਚੰਡੀਗੜ੍ਹ ਗੁਰਦਵਾਰਾ ਸ੍ਰੀ ਗੁਰੂ ਤੇਗ ਬਹਾਦਰ ਸਾਹਿਬ ੧੫ ਸੈਕਟਰ ਵਿਖੇ ਵਿਸ਼ੇਸ਼ ਕੀਰਤਨ ਸਮਾਗਮ ਹੋ ਰਹੇ ਹਨ। ੧੬ ਨਵੰਬਰ ਸਵੇਰੇ ੫ ਤੋਂ ੧੦ ਤਕ ਆਸਾ ਦੀ ਵਾਰ ਤੇ ਅਖੰਡ ਕੀਰਤਨ ਹੋਣਗੇ ਅਤੇ ਰਾਤ ਨੂੰ ੭ ਵਜੇ ਰੈਣ ਸਬਾਈ ਕੀਰਤਨ ਅਰੰਭ ਹੋਣਗੇ। ਸਮਾਪਤੀ ੧੭ ਨਵੰਬਰ ਸਵੇਰੇ ੬ ਵਜੇ ਹੋਵੇਗੀ। ਰਿਹਾਇਸ਼ ਦਾ ਪਰਬੰਧ ਇਸੇ ਅਸਥਾਨ ਵਿਖੇ ਹੋਵੇਗਾ। ਬਸ ਸਟੈਂਡ ਤੋਂ ੨-ਸੀ, ੭, ੭-ਏ, ਅਤੇ ੧੪ ਨੰਬਰ ਬਸਾਂ ਲਓ ਜੀ। ਆਇ ਜੁੜੋ ਜੀ। ਦਾਸਰੇ—ਅਖੰਡ ਕੀਰਤਨੀ ਜਥਾ, ਚੰਡੀਗੜ੍ਹ

## ਰਾਜਪੁਰਾ ਵਿਖੇ ਰੈਣ ਸਬਾਈ ਕੀਰਤਨ ਤੇ ਅੰਮ੍ਰਿਤ-ਸਿੰਚਾਰ

੯ ਨਵੰਬਰ ਸ਼ਨੀਵਾਰ ਰਾਤ ਨੂੰ ਗੁ: ਸ੍ਰੀ ਗੁਰੂ ਨਵੀਨ ਸਿੰਘ ਸਭਾ (ਨੇੜੇ ਬਸ ਸਟੈਂਡ) ਰਾਜਪੁਰਾ ਵਿਚ ਰੈਣ ਸਬਾਈ ਕੀਰਤਨ ਅਤੇ ਇਸੇ ਸ਼ਾਮ ਨੂੰ ਅੰਮ੍ਰਿਤ ਸਿੰਚਾਰ ਹੋ ਰਹੇ ਹਨ। ਲਾਹੇ ਪ੍ਰਾਪਤ ਕਰੋ ਜੀ।

ਪੁਛਗਿਛ—ਭਾਈ ਸੁਖਦੇਵ ਸਿੰਘ ਕਲਾਥ ਮਰਚੈਂਟ, ਮਹਿੰਦਰਗੰਜ, ਰਾਜਪੁਰਾ

## ਪਿੰਡ ਖੁੱਡਾ (ਕੁਰਾਲਾ—ਹੁਸ਼ਿਆਰਪੁਰ) ਵਿਖੇ ਰੈਣ ਸਬਾਈ ਕੀਰਤਨ

ਭਾਈ ਗੁਰਮੀਤ ਸਿੰਘ ਜੀ ਸ਼ਹੀਦ ਦੀ ਯਾਦ ਵਿਚ ਪਿੰਡ ਖੁੱਡਾ (ਕੁਰਾਲਾ) ਵਿਖੇ ੯ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਲਾਹੇ ਪ੍ਰਾਪਤ ਕਰੋ ਜੀ।

## ਜਗਾਧਰੀ (ਅੰਬਾਲਾ) ਵਿਖੇ ਰੈਣ ਸਬਾਈ ਕੀਰਤਨ

ਭਾਈ ਦਵਿੰਦਰ ਸਿੰਘ ਖਾਲਸਾ ਸੂਚਿਤ ਕਰਦੇ ਹਨ ਕਿ ੯ ਨਵੰਬਰ ਸ਼ਨੀਵਾਰ ਰਾਤ ਨੂੰ ਗੁ: ਸ੍ਰੀ ਗੁਰੂ ਸਿੰਘ ਸਭਾ ਲੋਹਾਰਾ ਮਹੱਲਾ ਜਗਾਧਰੀ ਵਿਖੇ ਸਾਲਾਨਾ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਇ ਜੁੜੋ ਜੀ।

## ਕਾਨਪੁਰ ਵਿਖੇ ਸ੍ਰੀ ਅਖੰਡਪਾਠ, ਅਖੰਡ ਕੀਰਤਨ ਅਤੇ ਰੈਣ ਸਬਾਈ ਸਮਾਗਮ

ਭਾਈ ਰੇਸ਼ਮ ਸਿੰਘ ਜੀ ਸੂਚਨਾ ਦਿੰਦੇ ਹਨ ਕਿ—

(੧) ਗਿ: ਸਵਰਨ ਸਿੰਘ ਅਮਰਜੀਤ ਸਿੰਘ ਜੀ ਦੇ ਗ੍ਰਿਹ ੧੩੭-ਰਾਮ ਗਲੀ, ਲਾਲ ਬੰਗਲਾ ਕਾਨਪੁਰ ਵਿਖੇ ੧੦ ਨਵੰਬਰ ਐਤਵਾਰ ਸਵੇਰੇ ਸ੍ਰੀ ਅਖੰਡਪਾਠ ਦੇ ਭੋਗ ਤੋਂ ਉਪਰੰਤ ੧੦ ਵਜੇ ਤਕ ਅਖੰਡ ਕੀਰਤਨ ਹੋ ਰਹੇ ਹਨ। ਆਇ ਜੁੜੋ ਤੇ ਦੀਦਾਰ ਬਖਸ਼ੋ ਜੀ।

(੨) ਗੁਰਦਵਾਰਾ ਲੇਬਰ ਕਾਲੋਨੀ, ਗੋਬਿੰਦ ਨਗਰ, ਕਾਨਪੁਰ ਵਿਖੇ ੧੬ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਸਮਾਪਤੀ ੧੭ ਨਵੰਬਰ ਸਵੇਰੇ ੫ ਵਜੇ ਹੋਵੇਗੀ। ਪੁਜ ਕੇ ਲਾਭ ਪ੍ਰਾਪਤ ਕਰੋ ਜੀ।

## ਲਖਨਊ ਵਿਖੇ ਰੈਣ ਸਬਾਈ ਕੀਰਤਨ

ਗੁਰਦਵਾਰਾ ਸਾਹਿਬ ਆਦਰਸ਼ ਨਗਰ ਲਖਨਊ ਵਿਖੇ ੨੩ ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਅਤਵਾਰ ਸਵੇਰੇ ਪੰਜ ਵਜੇ ਸਮਾਪਤੀ ਹੈ ਜੀ। ਲਾਹੇ ਪ੍ਰਾਪਤ ਕਰੋ ਜੀ।

## ਦੋਰਾਹਾ ਮੰਡੀ ਵਿਖੇ ਮਾਸਕ ਰੈਣ ਸਬਾਈ ਕੀਰਤਨ

ਮਾਸਟਰ ਸਤਵੰਤ ਸਿੰਘ ਜੀ ਸੂਚਨਾ ਦੇਂਦੇ ਹਨ ਕਿ ਭਾਈ ਹਰਜੀਤ ਸਿੰਘ ਦੇ ਗ੍ਰਿਹ ਮਹੱਲਾ ਜ਼ੈਲਦਾਰ ਰਲਾ ਸਿੰਘ, ਜੀ. ਟੀ ਰੋਡ, ਦੋਰਾਹਾ ਮੰਡੀ (ਨੇੜੇ ਪਟਰੋਲ ਪੰਪ) ਵਿਖੇ 9 ਨਵੰਬਰ ਸ਼ਨੀਵਾਰ ਰਾਤ ਨੂੰ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਦਿ ਜੁੜੋ ਜੀ

## ਸੰਤੋਖਸਰ ਸ੍ਰੀ ਅੰਮ੍ਰਿਤਸਰ ਵਿਖੇ ਮਾਸਕ ਰੈਣ ਸਬਾਈ ਕੀਰਤਨ

ਸੰਗਤ ਗੁ: ਸੰਤੋਖਸਰ ਸ੍ਰੀ ਅੰਮ੍ਰਿਤਸਰ ਸੂਚਨਾ ਦੇਂਦੀ ਹੈ ਕਿ ੧੬ ਨਵੰਬਰ ਸ਼ਨੀਵਾਰ ਰਾਤ ਨੂੰ ਗੁਰਦਵਾਰਾ ਸੰਤੋਖਸਰ ਵਿਖੇ ਰੈਣ ਸਬਾਈ ਕੀਰਤਨ ਹੋ ਰਹੇ ਹਨ। ਆਓ ਜੀ ਤੇ ਲਾਹੇ ਪ੍ਰਾਪਤ ਕਰੋ।

www.AKJ.Org

# ਗੁਰੂ ਨਾਨਕ ਨਿਰੰਕਾਰੀ ਪ੍ਰਕਾਸ਼ ਉਤਸ਼ਵ ਬੰਡਾ (ਸ਼ਾਹਜਹਾਨਪੁਰ) ਵਿਖੇ

ਸ੍ਰੀ ਗੁਰੂ ਨਾਨਕ ਦੇਵ ਜੀ ਦੇ ਪ੍ਰਕਾਸ਼ ਉਤਸ਼ਵ ਗੁਰਪੁਰਬ ਅਖੰਡ ਕੀਰਤਨੀ ਜਥਿਆਂ ਵਲੋਂ ਬੰਡਾ ਜ਼ਿਲਾ ਸ਼ਾਹਜਹਾਨ ਪੁਰ (ਯੂ. ਪੀ.) ਵਿਖੇ ਬੜੇ ਉਤਸ਼ਾਹ ਸਹਿਤ ਮਨਾਏ ਜਾ ਰਹੇ ਹਨ। ਗੁਰੂ ਕੇ ਕੀਰਤਨੀਏ ਅਤੇ ਸਿਖ ਸੰਗਤਾਂ ਹਾਜ਼ਰੀਆਂ ਭਰ ਕੇ ਲਾਹੇ ਪ੍ਰਾਪਤ ਕਰਨ। ਪ੍ਰੋਗਰਾਮ ਇਸ ਪ੍ਰਕਾਰ ਹੈ—

੨੫ ਨਵੰਬਰ ਸਵੇਰੇ ੫ ਤੋਂ ੧੦ ਸ੍ਰੀ ਅਖੰਡਪਾਠ ਦੀ ਸਮਾਪਤੀ ਪਿਛੋਂ ਅਖੰਡ ਕੀਰਤਨ ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਬੰਡਾ ਉਪਰੰਤ ਸ੍ਰੀ ਨਾਨਕ ਮਤਾ ਸਾਹਿਬ ਲਈ ਚਾਲੇ

ਸ਼ਾਮ ੬ ਤੋਂ ੯ ਸੋਦਰ ਤੇ ਕੀਰਤਨ — ਸ੍ਰੀ ਨਾਨਕ ਮਤਾ ਸਾਹਿਬ ਵਿਖੇ

੨੬ ਨਵੰਬਰ ਸਵੇਰੇ ੫ ਤੋਂ ੧੦ ਅਖੰਡ ਕੀਰਤਨ ਸ੍ਰੀ ਨਾਨਕ ਮਤਾ ਵਿਖੇ ਉਪਰੰਤ ਬੰਡਾ ਲਈ ਵਾਪਸੀ

ਸ਼ਾਮ ੬ ਤੋਂ ੯ ਸੋਦਰ ਤੇ ਕੀਰਤਨ — ਗੁਰਦਵਾਰਾ ਸ੍ਰੀ ਗੁਰੂ ਸਿੰਘ ਸਭਾ ਬੰਡਾ

੨੭ ਨਵੰਬਰ ਸਵੇਰੇ ੫ ਤੋਂ ੧੧ ਅਖੰਡ ਕੀਰਤਨ " " "

ਸ਼ਾਮ ੪ ਵਜੇ ਅੰਮ੍ਰਿਤ ਸਿੰਚਾਰ ਅਰੰਭ, ੬ ਵਜੇ ਸ਼ਾਮ ਸੋਦਰ ਉਪਰੰਤ ਰੈਣ ਸਬਾਈ ਕੀਰਤਨ, ੨੮ ਨੂੰ ਸਮਾਪਤੀ

ਪੰਜਾਬ ਤੋਂ ਸੰਗਤਾਂ ਸ਼ਾਹ ਜਹਾਨਪੁਰ ਲਈ ੬-ਡਾਊਨ ਹਾਵੜਾ ਮੇਲ ਦੇ ਨਾਲ ਸਪੈਸ਼ਲ ਲਗੀ ਬੋਗੀ ਤੇ ਬੈਠਣਗੀਆਂ। ਇਹ ਗੱਡੀ ਸ੍ਰੀ ਅੰਮ੍ਰਿਤਸਰ ਤੋਂ ੨੪ ਨਵੰਬਰ ਐਤਵਾਰ ਨੂੰ ਸ਼ਾਮ ੬-੪੦ ਚਲੇਗੀ। ਜਲੰਧਰ, ਲੁਧਿਆਣਾ ਤੇ ਅੰਬਾਲਾ ਛਾ: ਸ਼ਟੇਸ਼ਨਾਂ ਤੋਂ ਸਿੰਘ ਸਿੰਘਣੀਆਂ ਪਲੈਟ-ਫਾਰਮ ਟਿਕਟਾਂ ਲੈ ਕੇ ਆਉਣ ਤੇ ਇਸ ਬੋਗੀ ਵਿਚ ਬੈਠਣ। ਵਾਪਸੀ ਇਸੇ ਗਡੀ ਤੇ ਉਥੋਂ ੨੮ ਨਵੰਬਰ ਸ਼ਾਮ ਨੂੰ ਚਲ ਕੇ ੨੯ ਨਵੰਬਰ ਸ਼ੁਕਰਵਾਰ ਸਵੇਰੇ ਅੰਮ੍ਰਿਤਸਰ ਪੁਜਣਾ ਹੈ।

**ਜ਼ਰੂਰੀ ਨੋਟ**—(੧) ਕਰਾਏ ਬਾਰੇ ਪ੍ਰਬੰਧਕਾਂ ਵਲੋਂ ਭਾਵੇਂ ਕੋਈ ਪਾਬੰਦੀ ਨਹੀਂ, ਪਰ ਜਥੇ ਦੀ ਪਰੰਪਰਾ ਹੈ ਕਿ ਨਾਮ ਬਾਣੀ ਦੇ ਲਾਹੇ ਮਾਣਨ ਲਈ ਸਿੰਘ ਸਿੰਘਣੀਆਂ ਆਪਣਾ ਪਲਾ ਖਰਚ ਕੇ ਅਜਿਹੇ ਸਮਾਗਮਾਂ ਤੇ ਹਾਜ਼ਰੀਆਂ ਭਰਦੇ ਤੇ ਇਲਾਹੀ ਰੰਗ ਮਾਣਦੇ ਹਨ। ਉਸੇ ਪਰੰਪਰਾ ਨੂੰ ਜਾਰੀ ਰਖਦਿਆਂ ਅਤੇ ਸਮਾਗਮ ਅਸਥਾਨ ਦੀ ਦੂਰੀ ਨੂੰ ਵੀ ਮੁਖ ਰਖਦਿਆਂ ਹੋਇਆਂ ਸਮੂਹ ਵੀਰਾਂ ਭੈਣਾਂ ਦੀ ਸੇਵਾ ਵਿਚ ਬੇਨਤੀ ਹੈ ਕਿ ਜਿਨ੍ਹਾਂ ਨੇ ਉਪਰੋਕਤ ਸਮਾਗਮ ਵਿਚ ਹਾਜ਼ਰੀਆਂ ਭਰਨੀਆਂ ਹਨ ਉਹ ਘਟੋ ਘਟ ਪ੍ਰਤੀ ਮੈਂਬਰ ਪੰਜਾਹ ਰੁਪਏ ਆਉਣ ਜਾਣ ਦੇ ਜਰੂਰੀ ਤੌਰ ਤੇ 'ਸੂਰਾ' ਦਫ਼ਤਰ ਵਿਚ ੧੫ ਨਵੰਬਰ ਤਕ ਪਹੁੰਚਾ ਦੇਣ ਅਤੇ ਜਿਸ ਸਟੇਸ਼ਨ ਤੋਂ ਗਡੀ ਫੜਨੀ ਹੈ, ਉਸ ਦੀ ਸੂਚਨਾ ਲਿਖਤੀ ਆਪਣੇ ਪੂਰੇ ਪਤੇ ਸਮੇਤ ਭੇਜ ਦੇਣ। (੨) ਬਿਸਤਰੇ ਲੋੜ ਅਨੁਸਾਰ ਲਿਆਓ ਜੀ। (੩) ਬੰਡਾ ਲਈ ਸ਼ਾਹਜਹਾਨਪੁਰ ਤੋਂ ਬਸਾਂ ਮਿਲਦੀਆਂ ਹਨ।

ਖਾਲਸਾ ਜੀ ਦਾ ਸੇਵਕ—ਰਾਮ ਸਿੰਘ (ਜਥੇਦਾਰ) ਅਖੰਡ ਕੀਰਤਨੀ ਜਥਾ

## ਮੇਰਠ ਵਿਚ ਸਾਲਾਨਾ ਅਖੰਡ ਕੀਰਤਨ ਸਮਾਗਮ

ਮੇਰਠ ਵਿਖੇ ਅਖੰਡ ਕੀਰਤਨੀ ਜਥਾ ਦਿਲੀ ਦੀ ਮਿਲਵਰਤਣ ਨਾਲ ਹੇਠ ਲਿਖੇ ਅਨੁਸਾਰ ਕੀਰਤਨ ਪ੍ਰੋਗਰਾਮ ਹੋ ਰਹੇ ਹਨ— ੧੫ ਨਵੰਬਰ ਸਵੇਰੇ ੬ ਤੋਂ ੯ ਅਖੰਡ ਕੀਰਤਨ ਗੁਰ: ਕਲਗੀਧਰ ਲਾਲ ਕੁੜਤੀ ਮੇਰਠ, ਸ਼ਾਮ ੭॥ ਤੋਂ ੯॥ ਗੁਰ: ਭਾਈ ਜੋਗਾ ਸਿੰਘ ਦੇਵਪੁਰੀ ਮੇਰਠ। ੧੬ ਨਵੰਬਰ ਸਵੇਰੇ ੬ ਤੋਂ ੧੨ ਅਖੰਡ ਕੀਰਤਨ ਗੁਰਦਵਾਰਾ ਸਤਿਸੰਗ ਸਦਰ ਬਜ਼ਾਰ ਮੇਰਠ, ਰਾਤ ਰੈਣ ਸਬਾਈ ਕੀਰਤਨ ਗੁ: ਸ੍ਰੀ ਗੁਰੂ ਸਿੰਘ ਸਭਾ ਥਾਪਰ ਨਗਰ (ਤੋੜਵੇਜ਼ ਬਸ ਸਟੈਂਡ ਨੇੜੇ) ਮੇਰਠ ਵਿਖੇ। ਇਸੇ ਅਸਥਾਨ ਤੇ ਸੰਗਤਾਂ ਦਾ ਉਤਾਰਾ ਹੋਵੇਗਾ, ਲੋੜ ਅਨੁਸਾਰ ਬਿਸਤਰੇ ਨਾਲ ਲਿਆਓ ਜੀ। ਪੁਛ ਗਿਛ ਲਈ ਕੈਂਟ ਹਸਪਤਾਲ ਦੇ ਸਾਹਮਣੇ ਗੁਜਰਾਤੀ ਏਜੰਸੀ ਫ਼ੋਨ 77127.

ਦਰਸ਼ਨ ਅਭਿਲਾਖੀ ਦਾਸਰੇ—ਅਖੰਡ ਕੀਰਤਨੀ ਜਥਾ, ਮੇਰਠ

## ਯੂ. ਕੇ. ਦੇ ਖਤਮ ਚੰਦੇ ਯੂ. ਕੇ. ਵਿਚ ਜਮ੍ਹਾ ਕਰਾਓ

ਯੂ. ਕੇ. ਇੰਗਲੈਂਡ ਵਿਚ ਜਿਨ੍ਹਾਂ ਪਾਠਕਾਂ ਨੂੰ ਚੰਦੇ ਖ਼ਤਮ ਹੋਣ ਦੀ ਇਤਲਾਹ ਮਿਲ ਚੁਕੀ ਹੈ, ਉਹ ਸਜਣ ਆਪਣੇ ਚੰਦੇ ਇਸ ਪਤੇ ਤੇ ਜਮ੍ਹਾ ਕਰਾਉਣ—

S. Gurnam Singh, 10-Lambourne Grnds, Early, Reading Berrs

ਡਰਬੀ ਵਾਲੇ ਪਾਠਕ ਆਪਣੇ ਚੰਦੇ ਹੇਠ ਲਿਖੇ ਪਤੇ ਤੇ ਜਮ੍ਹਾ ਕਰਾਉਣ—

S. Ajit Singh, 61-Wal Book Road, Derby (U.K.)

**ਸ਼ਹੀਦੀ ਪੁਰਬ ਸਮਾਗਮ ਗੁ: ਚਰਨ ਕੰਵਲ ਬੰਗਾ ੧੩ ਤੋਂ ੧੭ ਦਸੰਬਰ—ਵੇਰਵਾ ਆਉਂਦੇ ਪਰਚੇ ਵਿਚ**

**ਸੂਰਾ ਮਾਸਕ ਪੱਤਰ, ਬਾਜ਼ਾਰ ਮਾਈ ਸੇਵਾਂ, ਸ੍ਰੀ ਅੰਮ੍ਰਿਤਸਰ**

www.AKJ.Org